Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact :
647-951-7900
SUKHWINDER NAHAL CFP, CLU
Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

MORTGAGE ALLIANCE
Get Pre-Qualified in Minutes*
Mortgagealliance.com/ParminderMangat
Parminder Mangat
Mortgage Agent | Lic#10530
647-285-9119
pmangat@mortgagealliance.com
*Conditions Apply
20 Maritime Blvd. Unit #11, Brampton, L6S0C2

Vol 18 * Issue 01
Daily Newspaper Thursday, January 03, 2019
Tel: 905-793-2202 Fax: 905-793-2282 news@punjabipost.ca

ਪੰਜਾਬੀ ਪੋਸਟ ਅਦਾਰੇ ਵੱਲੋਂ ਸਾਰੇ ਕੈਨੇਡਾ ਵਾਸੀਆਂ ਤੇ ਪਾਠਕਾਂ ਨੂੰ ਨਵੇਂ ਸਾਲ ਦੀਆਂ ਮੁਕਬਾਰਕਾਂ। ਅਦਾਰਾ ਇਹ ਕਾਮਨਾ ਕਰਦਾ ਹੈ ਕਿ ਇਹ ਨਵਾਂ ਸਾਲ ਸਾਰਿਆਂ ਲਈ ਤੰਦਰੁਸਤੀ ਤੇ ਤਰੱਕੀਆਂ ਲੈਕੇ ਆਵੇ।

# ਛੁੱਟੀਆਂ ਦੌਰਾਨ ਸ਼ਰਾਬ ਪੀ ਕੇ ਗੱਡੀ ਚਲਾਉਣ ਵਾਲੇ ਸੈਂਕੜੇ ਲੋਕਾਂ ਨੂੰ ਜੀਟੀਏ ਵਿੱਚ ਕੀਤਾ ਗਿਆ ਚਾਰਜ



ਟੋਰਾਂਟੋ, 2 ਜਨਵਰੀ (ਪੋਸਟ ਬਿਊਰੋ) : ਛੁੱਟੀਆਂ ਦੇ ਸੀਜ਼ਨ ਦੌਰਾਨ ਗ੍ਰੇਟਰ ਟੋਰਾਂਟੋ ਏਰੀਆ ਵਿੱਚ ਸ਼ਰਾਬ ਪੀ ਕੇ ਗੱਡੀ ਚਲਾਉਣ ਦੇ ਮਾਮਲੇ ਵਿੱਚ ਸੈਂਕੜੇ ਲੋਕਾਂ ਨੂੰ ਚਾਰਜ ਕੀਤਾ ਗਿਆ। ਇਹ ਖੁਲਾਸਾ 2018 ਰਾਈਡ ਪ੍ਰੋਗਰਾਮ ਦੇ ਅੰਕੜਿਆਂ ਤੋਂ ਹੋਇਆ।

ਬੁੱਧਵਾਰ ਨੂੰ ਜਾਰੀ ਕੀਤੀ ਗਈ ਇੱਕ ਨਿਊਜ਼ ਰਲੀਜ਼ ਵਿੱਚ ਟੋਰਾਂਟੋ ਪੁਲਿਸ ਨੇ ਆਖਿਆ ਕਿ 2018 ਦੇ ਹੌਲੀਡੇਅ ਰਾਈਡ ਪ੍ਰੋਗਰਾਮ ਦੌਰਾਨ 14 ਨਵੰਬਰ ਤੇ 31 ਦਸੰਬਰ ਦਰਮਿਆਨ ਪੁਲਿਸ ਅਧਿਕਾਰੀਆਂ ਨੇ ਸ਼ਰਾਬ ਪੀ ਕੇ ਗੱਡੀ ਚਲਾਉਣ ਦੇ ਦੋਸ਼ ਤਹਿਤ 170 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ। ਇਹ ਵੀ ਦੱਸਿਆ ਗਿਆ ਕਿ 2018 ਵਿੱਚ ਸ਼ਰਾਬ ਪੀ ਕੇ ਗੱਡੀ ਚਲਾਉਣ ਦੇ ਦੋਸ਼ ਵਿੱਚ 1042 ਲੋਕ ਗ੍ਰਿਫਤਾਰ ਕੀਤੇ ਗਏ। ਇਸ ਤੋਂ ਇਲਾਵਾ 74 ਵਿਅਕਤੀਆਂ ਨੂੰ ਕਿਸੇ ਵੀ ਤਰ੍ਹਾਂ ਦੇ ਨਸ਼ਿਆਂ ਦੀ ਲੋਰ ਵਿੱਚ ਗੱਡੀ ਚਲਾਉਣ ਦੇ ਸਬੰਧ ਵਿੱਚ ਚਾਰਜ ਕੀਤਾ ਗਿਆ।

ਨਿਊਜ਼ ਰਲੀਜ਼ ਵਿੱਚ ਟੋਰਾਂਟੋ ਪੁਲਿਸ ਸਰਵਿਸ ਨੇ ਆਖਿਆ ਕਿ ਬਹੁਤ ਹੀ ਮੰਦਭਾਗੀ ਗੱਲ ਹੈ ਕਿ ਅਸੀਂ ਸ਼ਰਾਬ ਪੀ ਕੇ ਗੱਡੀ ਚਲਾਉਣ ਵਾਲਿਆਂ ਵਿੱਚੋਂ ਕਈ ਲੋਕਾਂ ਨੂੰ ਗ੍ਰਿਫਤਾਰ ਕਰ ਲਿਆ ਪਰ ਕਈ ਲੋਕ ਫਿਰ ਵੀ ਬਚ ਕੇ ਨਿਕਲਣ ਵਿੱਚ ਕਾਮਯਾਬ ਹੋ ਗਏ। ਇਸੇ ਲਈ ਭਾਈਵਾਲੀ ਤੇ ਕਮਿਊਨਿਟੀ ਦੀ ਸ਼ਮੂਲੀਅਤ ਬਹੁਤ ਜ਼ਰੂਰੀ ਹੈ। ਪੁਲਿਸ ਚਾਹੁੰਦੀ ਹੈ ਕਿ ਸ਼ਰਾਬ ਪੀ ਕੇ ਗੱਡੀ ਚਲਾਉਣ ਨੂੰ ਸਾਰੇ ਜੁਰਮ ਮੰਨ ਕੇ ਸਾਡਾ ਸਾਥ ਦੇਣ ਤੇ ਜਦੋਂ ਕਿਸੇ ਨੂੰ ਅਜਿਹਾ ਕਰਦਾ ਵੇਖਣ ਤਾਂ 911 ਉੱਤੇ ਕਾਲ ਕਰ ਕੇ ਮਸ਼ਕੂਕ ਬਾਰੇ ਦੱਸਣ।

ਪੁਲਿਸ ਨੇ ਇਹ ਵੀ ਦੱਸਿਆ ਕਿ 2018 ਵਿੱਚ 8500 ਲੋਕਾਂ ਨੇ ਸ਼ਰਾਬ ਪੀ ਕੇ ਗੱਡੀ ਚਲਾਉਣ ਵਾਲਿਆਂ ਦੇ ਸਬੰਧ ਵਿੱਚ 911 ਉੱਤੇ ਕਾਲ ਕਰਕੇ ਜਾਣਕਾਰੀ ਦਿੱਤੀ। ਦਰਹਾਮ ਦੀ ਰੀਜਨਲ ਪੁਲਿਸ ਨੇ ਆਖਿਆ ਕਿ ਉਨ੍ਹਾਂ ਨੇ ਸੱਤ ਹਫਤਿਆਂ ਦੀ ਆਪਣੀ 2018 ਫੈਸਟਿਵ ਰਾਈਡ ਕੈਂਪੇਨ ਦੌਰਾਨ ਪੰਜ ਲੋਕਾਂ ਨੂੰ ਸ਼ਰਾਬ ਪੀ ਕੇ ਗੱਡੀ ਚਲਾਉਣ ਦੇ ਜੁਰਮ ਵਿੱਚ ਚਾਰਜ ਕੀਤਾ। ਇਸ ਤੋਂ ਇਲਾਵਾ 111 ਡਰਾਈਵਰਾਂ ਨੂੰ ਵਾਰਨਿੰਗ ਦੇ ਕੇ ਤੇ ਤਿੰਨ ਦਿਨ ਲਈ ਉਨ੍ਹਾਂ ਦਾ ਲਾਇਸੰਸ ਸਸਪੈਂਡ ਕਰਕੇ ਸਜ਼ਾ ਦਿੱਤੀ ਗਈ। ਇਲਾਵੇ ਵਿੱਚ ਕੈਨਾਬਿਸ ਐਕਟ ਨਾਲ ਸਬੰਧਤ ਜੁਰਮ ਲਈ 27 ਲੋਕਾਂ ਨੂੰ ਚਾਰਜ ਕੀਤਾ ਗਿਆ।

ਹਾਲਟਨ ਵਿੱਚ ਸੱਤ ਵਿਅਕਤੀਆਂ ਨੂੰ 24 ਤੋਂ 31 ਦਸੰਬਰ ਦਰਮਿਆਨ ਸ਼ਰਾਬ ਪੀ ਕੇ ਗੱਡੀ ਚਲਾਉਣ ਦੇ ਮਾਮਲੇ ਵਿੱਚ ਚਾਰਜ ਕੀਤਾ ਗਿਆ। ਯੌਰਕ ਰੀਜਨਲ ਪੁਲਿਸ ਨੇ ਕ੍ਰਿਸਮਸ ਤੋਂ ਪਿਛਲੀ ਸ਼ਾਮ ਤੇ ਨਵੇਂ ਸਾਲ ਵਾਲੇ ਦਿਨ 22 ਵਿਅਕਤੀਆਂ ਨੂੰ ਇਸ ਸਬੰਧ ਵਿੱਚ ਚਾਰਜ ਕੀਤਾ।

# ਕਾਉਂਸਲਰ ਢਿੱਲੋਂ ਵੱਲੋਂ ਮੈਰੀਜੁਆਨਾ ਸਬੰਧੀ ਵਿਸ਼ੇਸ਼ ਸਰਵੇਅ ਸੈਸ਼ਨਜ਼ ਵਿਚ ਲੋਕਾਂ ਨੂੰ ਵਧ ਚੜ੍ਹਕੇ ਹਿੱਸਾ ਲੈਣ ਦੀ ਅਪੀਲ



ਬਰੈਂਪਟਨ, 2 ਜਨਵਰੀ (ਪੋਸਟ ਬਿਊਰੋ) : ਮੈਰੀਜੁਆਨਾ ਦੀ ਵਿੱਕਰੀ ਪ੍ਰਾਈਵੇਟ ਤੌਰ ਉੱਤੇ ਕਰਵਾਈ ਜਾਵੇ ਜਾਂ ਨਾ ਇਸ ਸਬੰਧੀ ਫੈਸਲਾ ਕਰਨ ਲਈ ਮਿਊਂਸਪੈਲਿਟੀਜ਼ ਨੂੰ 22 ਜਨਵਰੀ, 2019 ਤੱਕ ਦਾ ਸਮਾਂ ਦਿੱਤਾ ਗਿਆ ਸੀ। ਇਸ ਸਬੰਧ ਵਿੱਚ ਰੀਜਨਲ ਕਾਉਂਸਲਰ ਗੁਰਪ੍ਰੀਤ ਸਿੰਘ ਢਿੱਲੋਂ ਵੱਲੋਂ ਬਰੈਂਪਟਨ ਵਾਸੀਆਂ ਨੂੰ ਨਿਜੀ ਸਰਵੇਅ ਸੈਸ਼ਨਜ਼ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣ ਦੀ ਅਪੀਲ ਕੀਤੀ ਜਾ ਰਹੀ ਹੈ ਤਾਂ ਕਿ ਕੋਈ ਸਪਸ਼ਟ ਫੈਸਲਾ ਲਿਆ ਜਾ ਸਕੇ।

12 ਦਸੰਬਰ ਨੂੰ ਹੋਈ ਮੀਟਿੰਗ ਵਿੱਚ ਸਿਟੀ ਕਾਉਂਸਲ ਨੇ ਆਪਣੇ ਸਟਾਫ ਨੂੰ ਇਹ ਹਦਾਇਤ ਕੀਤੀ ਕਿ ਮੈਰੀਜੁਆਨਾ ਦੇ ਕਾਨੂੰਨੀਕਰਨ ਦੇ ਮੱਦੇਨਜ਼ਰ ਸਥਾਨਕ ਵਾਸੀਆਂ ਦੀ ਰਾਇ ਲਈ ਜਾਵੇ ਤਾਂ ਕਿ 21 ਜਨਵਰੀ ਨੂੰ ਸਿਟੀ ਹਾਲ ਵਿੱਚ ਹੋਣ ਵਾਲੀ ਕਾਉਂਸਲ ਦੀ ਸਪੈਸ਼ਲ ਮੀਟਿੰਗ ਵਿੱਚ ਇਸ ਬਾਬਤ ਫੈਸਲਾ ਲਿਆ ਜਾ ਸਕੇ।

...ਬਾਕੀ ਪੰਨਾ 6 'ਤੇ

# ਓਨਟਾਰੀਓ ਅਪੀਲ ਕੋਰਟ ਨੇ ਊਬਰ ਖਿਲਾਫ ਕਲਾਸ ਐਕਸ਼ਨ ਲਾਅਸੂਟ ਚਲਾਉਣ ਲਈ ਦਿੱਤੀ ਹਰੀ ਝੰਡੀ




ਟੋਰਾਂਟੋ, 2 ਜਨਵਰੀ (ਪੋਸਟ ਬਿਊਰੋ) : ਓਨਟਾਰੀਓ ਦੀ ਅਪੀਲ ਕੋਰਟ ਨੇ ਊਬਰ ਕੰਪਨੀ ਖਿਲਾਫ ਪ੍ਰਸਤਾਵਿਤ ਕਲਾਸ ਐਕਸ਼ਨ ਕੇਸ ਨੂੰ ਚਲਾਉਣ ਦੀ ਇਜਾਜ਼ਤ ਦੇ ਦਿੱਤੀ ਹੈ। ਊਬਰ ਖਿਲਾਫ ਇਹ ਪ੍ਰਸਤਾਵਿਤ ਕਲਾਸ ਐਕਸ਼ਨ ਲਾਅਸੂਟ ਉਸ ਦੇ ਹੀ ਡਰਾਈਵਰਾਂ ਵਿੱਚੋਂ ਕਿਸੇ ਇੱਕ ਵੱਲੋਂ ਸ਼ੁਰੂ ਕੀਤਾ ਗਿਆ ਸੀ। ਇਸ ਸਬੰਧੀ ਹੇਠਲੀ ਅਦਾਲਤ ਦੇ ਫੈਸਲੇ ਨੂੰ ਓਨਟਾਰੀਓ ਦੀ ਸਰਬਉੱਚ ਅਦਾਲਤ ਵੱਲੋਂ ਬਦਲ ਦਿੱਤਾ ਗਿਆ।

ਬੁੱਧਵਾਰ ਨੂੰ ਇਸ ਸਬੰਧ ਵਿੱਚ ਸੁਣਾਏ ਗਏ ਫੈਸਲੇ ਵਿੱਚ ਓਨਟਾਰੀਓ ਦੇ ਕੋਰਟ ਆਫ ਅਪੀਲ ਨੇ ਫੈਸਲਾ ਸੁਣਾਉਂਦਿਆਂ ਆਖਿਆ ਕਿ ਊਬਰ ਦੇ ਸਰਵਿਸਿਜ਼ ਅਗਰੀਮੈਂਟ ਵਿੱਚ ਦਰਜ ਕਲਾਜ਼ ਵਿੱਚ ਇਹ ਸ਼ਰਤ ਰੱਖੀ ਗਈ ਹੈ ਕਿ ਹਰ ਕਿਸਮ ਦੇ ਵਿਵਾਦ ਨੂੰ ਨੀਦਰਲੈਂਡਜ਼ ਵਿੱਚ ਵਿਚੋਲਗੀ ਰਾਹੀਂ ਹੱਲ ਕੀਤੇ ਜਾਣ ਦੀ ਸ਼ਰਤ ਬੇਤੁਕੀ ਹੈ ਤੇ ਕੋਈ ਮਾਇਨੇ ਨਹੀਂ ਰੱਖਦੀ। ਇਸ ਤੋਂ ਇਲਾਵਾ ਇਸ ਕਲਾਜ਼ ਵਿੱਚ ਇਹ ਸ਼ਰਤ ਵੀ ਰੱਖੀ ਗਈ ਹੈ ਕਿ ਇਸ ਵਿਚੋਲਗੀ ਦੀ ਪ੍ਰਕਿਰਿਆ ਨੂੰ ਸ਼ੁਰੂ ਕਰਨ ਲਈ ਹੀ ਸਬੰਧਤ ਵਿਅਕਤੀ ਨੂੰ 14,5000 ਅਮਰੀਕੀ ਡਾਲਰ ਫੀਸ ਅਦਾ ਕਰਨੀ ਹੋਵੇਗੀ ਫਿਰ ਭਾਵੇਂ ਵਿਵਾਦ ਵਿੱਚ ਕੋਈ ਵੀ ਰਕਮ ਦਾਅ ਉੱਤੇ ਲੱਗੀ ਹੋਵੇ।

ਅਪੀਲ ਕੋਰਟ ਨੇ ਆਪਣੇ ਫੈਸਲੇ ਵਿੱਚ ਆਖਿਆ ਕਿ ਇਸ ਤਰ੍ਹਾਂ ਦਾ ਕਲਾਜ਼ ਊਬਰ ਨੇ ਇਸ ਲਈ ਚੁਣਿਆ ਤਾਂ ਕਿ ਉਹ ਆਪ ਪੱਕੇ ਪੈਰੀਂ ਹੋ ਸਕੇ ਤੇ ਆਪਣੇ ਡਰਾਈਵਰਾਂ ਦਾ ਲਾਹਾ ਲੈ ਸਕੇ।

...ਬਾਕੀ ਪੰਨਾ 6 'ਤੇ

ਕੀ ਤੁਸੀ ਕਾਕਰੋਚ, ਚੂੱਹੇ, ਕਿੜੇ-ਮੁਕੌੜਿਆਂ ਤੋ ਪਰੇਸ਼ਾਨ ਹੋ ਤੇ ਬੈਡ ਬੱਗਾਂ ਨੇ ਤੁਹਾਡੀ ਰਾਤਾਂ ਦੀ ਨਿੰਦ੍ਹ ਖਰਾਬ ਕੀਤੀ ਹੋਈ ਹੈ?
ਟਰੀਟਮੈਂਟ ਕਰਵਾਈ ਸੀ ਪਰ ਬਣੀ ਨੀ ਗੱਲ? ਤਾਂ ਘਬਰਾਓ ਨਾ ਟਰਾਂਟੋ ਪੈਸਟ ਅਰੈਸਟ ਵਾਲੇ ਕਰਨਗੇ ਪੱਕਾ ਹਲ !
Toronto Pest Arrest
Pest Control Services
Residential /Commercial/Industrial
ਕਾਲ ਕਰੋ: 647-515-8000
ਘੱਟ ਕੀਮਤ ਦੀ ਨਹੀ, ਪਰ ਸਿੱਕੇ ਬੰਦ ਕੰਮ ਦੀ ਗਰੰਟੀ ਹੈ
*Insured & Licensed

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
info@a1renovationgta.com
www.a1renovationgta.com
$1,000
Services:
• Complete Basement
• Tiles
• Bathrooms
• Plumbing
• Laminate
• Hardwood Floor
• Painting
A-1 RENOVATION GTA INC.
22 Listcreek Road, Brampton L6p 2n6

JOSHI LAW OFFICE
Barrister, Solicitor & Notary Public
E-mail : info@joshilawoffice.com
• Immigration
• Real Estate / Commercial Law
• Affidavit / Power of Attorney
416-213-8600
Rakesh M. Joshi B.A., LL.B.
6921 Steels Ave. W. Unit 11, Etobicoke, ON

INSURANCE
• HOME • AUTO
• BUSINESS • TRUCKING
• R.E.S.P • COMMERCIAL
CONNEX
Tel: 647-206-2452
Sukhwinder K Singh
7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
Manwinder Mangat
416-845-1352
1332 Khalsa Dr, Unit # 11, Mississauga
Aaxel Insurance Brokers Ltd.

HELPING YOUR PLAN TODAY......FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
JATINDERBIR S BAJWA
Insurance Broker
Dir: 647-928-4990 www.ufsinsurance.com
# 25-831 Bovaird Dr. W. Brampton,ON,L6X0T9

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
4515 Ebenezer Rd, Suite 211, Brampton, Ontario L6P2K7
Aman Sharma
Open Saturday
Providing excellent quality legal services to our clients

GOEL TRAVEL
Low Rates
Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ
Tico # 50021780
905.796.7500
900 Raylawson Blvd. Unit # 6, Brampton

INSURANCE
Punjab Insurance Inc
Life / Disability / Critical Illness
Super Visa / Visitor / Travel /
RRSP / RESP /
SHEVINDER SIDHU
Insurance Advisor
416-557-8080
shevindersidhu@gmail.com
10-7003 Steeles Ave. West, Etobicoke

Canada Consumer Credit Assistance ਕਰਜ਼ਾ ਰਹਿਤ ਜਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available
1888 864 3131
Jasbir Singh Hundal
Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

• SUPER VISA INSURANCE
• VISITOR VISA INSURANCE
• TRAVEL INSURANCE
• STUDENT INSURANCE
• NEW IMMIGRANT 90 DAYS MED. INSURANCE
Punjab Insurance Inc
www.punjabinsurance.ca
Sherjang Singh Rana
416-910-9000
rana@punjabinsurance.ca
10-7003 Steeles Ave West, Etobicoke, ON M9W 0A2
Harpreet Rana
416-871-3571
harpreetrana@punjabinsurance.ca

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Avon Financial Inc. Advice you can bank on.
Brokerage Lic. 12538
Cell: 416-841-4218 Tel: 905-216-5563
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

Royal Pest Control
Residential Commercial Industrial
Specialist in Bedbugs Service
All Pest Control :
• Mouse & Rats • Spiders & Fleas • Bedbugs • Wasps
• Cockroaches • Carpenter Ants • Silver Fish • Racoons
Call : PARESH PATEL
(Government Approved Licensed Technician)
416 938 4598

KELLEY LAW OFFICE
AREA OF PRACTICE
• Immigration • Real Estate
• Family Law • Business Closing
• Corporate • Wills & Estate
• Power of Attorney/Affidavit / Attestations
SHINDER KELLEY
Barrister, Solicitor & Notary Public
PH. : 905-362-0755
www.kelleylawoffice.ca
1200 Derry Road East Unit #15, Mississauga, ON L5T 0B3
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ।

Best Insurance Rates
• Auto • Home • Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Aaxel Insurance Brokers Ltd.
Address: 1550 South Gateway Rd. Suite 220 Mississauga, ON L4W 5G6

ਕੀ ਤੁਸੀ ਕਿੜੇ-ਮੁਕੌੜਿਆਂ ਤੋ ਪਰੇਸ਼ਾਨ ਹੋ?
MICE, COCKROACH, BEDBUG & ALL COMMON BUGS
All Pest Control
AFFORDABLE & RELIABLE
100% Customer Satisfaction
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill
Certified & Licenced Exterminator
647.990.3205

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
A-Z Pest Control
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

CN Forklift Training Center
Counterbalance All Types
Walkie pallet Low Lift
Electric Motor Narrow Aisle Reach
Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan
Certified Instructor

ARISTO PEST CONTROL
RESIDENTIAL COMMERCIAL INDUSTRIAL
Expert in Bedbug & Cockroach Removal
100% removal of all pests written Guarantee
Protect yourself & your family from the Pests
Ants, Bees, Bed Bugs, Beetles, Racoons,Cockroaches, Centipedes, Flea, Hornets,Squirrel, Rats & Mice, Silverfish, Spiders
Sanket (Govt Licensed Exterminator)
647-339-3926
UNMARKED VEHICLE AVAILABLE
Email: aristopest@gmail.com
www.aristopestcontrol.com

ਮੂੰਹੋ ਬੋਲਦੀ ਦੀ Kitchen and Washroom ਬਣਵਾਓ

**Pearson**
**Kitchen & Cabinet**

Free Estimate
We Specialize in granite, quartz & marble countertops

We Specialize In:
100% Satisfaction On Time

- Kitchen Cabinets, Pantries & Floor tiles
- All Types of Range Hoods (etc.Heavy Duty, Noiseless)
- Installation of Washroom Vanities, Showers and bathroom tiles
- Many Counter-top options to choose from (Granite, Marble, Quartz; etc.)
- Custom Office Counters & Bar Installation
- We install all kinds of tiles and hardwood floor

ਵਾਜਿਬ ਦਾਮ ਤੇ ਸਮੇਂ ਸਿਰ ਕੰਮ

Call **Vikramjit Sangha: 416-200-0931**

Special Discount for Contractors | Buy Direct From The Factory

271 - Glidden Rd. Unit#5, Brampton (Kennedy&Glidden)

NU WAY TOUR & TRAVELS INC.

ਸਸਤੀਆਂ ਹਵਾਈ ਟਿਕਟਾ ਅਤੇ ਭਰੋਸੇਯੋਗ ਸੇਵਾਵਾਂ ਲੈਣ ਲਈ ਨਿਊ-ਵੇ ਨੂੰ ਕਾਲ ਕਰੋ

AIR TICKETS | CRUISES | VACATIONS | TRAVEL INSURANCE

International & Domestic Air Tickets
- Cheapest Air Fares
- Price Match Guaranteed
- 24/7 Emergency Services
- Reliable & Excellent Customer Service
- 100% Customer Satisfaction

AIR CANADA, PIA, ETIHAD, KLM, SWISS, BRITISH AIRWAYS, JET AIRWAYS

Travel Worry Free With Insurance
- Super Visa Insurance
- Visitor to Canada
- Trip Cancellation
- Trip Interruption

Manulife

Signature.ca

tico.ca IATA

Call Us For Guaranteed Lowest Airfare
ANY Airline Time Destination Around the World

transat, sunwing, AIR CANADA VACATIONS, WESTJET vacations

7015 Tranmere Dr. Unit- 8, Mississauga, ON L5S 1T7
Tel: 905 362 0937 | Fax: 1 855 897 0900
www.nuwaytravels.com E-mail- info@nuwaytravels.com

SimConnect FREIGHT MANAGEMENT

HIRING OWNER OPERATORS FOR LAREDO TX & MIDWEST LANES

ਡਰਾਈਵਰਾਂ ਤੇ ਓਨਰ ਅਪਰੇਟਰਾਂ ਦੀ ਲੋੜ

Owner Operator up to 1.65 Per miles

Company Drivers :
Solo/Team : upto .65 Cents Per Mile

Sim Connect Freight Management

24 Hrs Dispatch

Ph: (905)915-1805/(905)799-8822

3380 Airway Dr Mississauga Ontario L4T1V3

7STAR IMMIGRATION

ਜੇ ਹੋਰ ਪਾਸੋ ਯਤਨ ਕਰਕੇ ਥੱਕ ਚੁਕੇ ਹੋ, ਤਾਂ ਇਕ ਵਾਰੀ ਸੇਵਾ ਦਾ ਮੌਕਾ ਜ਼ਰੂਰ ਦਿਓ!

ਵੀਜ਼ਾ ਤੇ ਇਮੀਗ੍ਰੇਸ਼ਨ ਦੀਆਂ ਸੇਵਾਵਾਂ
With Our Expert Team

- Spousal Sponsorship
- Study Visa
- Express Entry
- Work Visa
- Visitor Visa
- Super Visa
- Citizenship
- PR Card Renewal
- Caregiver Program
- Atlantic Pilot Program
- Study Permit Extension
- PNP Application
- Work Permit Extension
- LMIA Application
- Spousal Work Permit
- Multiple Visa
- Parent Sponsorship
- Grandparents Sponsorship

Simrat Nijjar
Regulated Canadian Immigration Consultant

Visit us online: www.7starimmigration.ca or email us at: info@7starimmigration.ca

1625 Steeles Ave E., Unit 17A, Brampton, ON L6T 4T7
Main Intersection- Steeles & Advance Blvd.

Ph:(905) 846-0707
Fax:(905)497-0706

chatr MOBILE

NEW

NATION-WIDE
TALK, TEXT & DATA PLANS
FROM
$35/MO.

NO OVERAGE CHARGES, NO TERM CONTRACTS, NO CREDIT CHECKS

LET'S GET GOING
CHATRMOBILE.COM

VISIT OUR LOCATIONS TODAY!

379 Main St. North, Brampton, ON
2456 Lake Shore Blvd W., Etobicoke, ON

chatr AUTHORIZED DEALER

Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2018

## ਅੱਜ ਨਾਮਾ

ਆ ਗਈ ਸਿੱਧੀ ਚੁਣੌਤੀ ’ਤੇ ਗੱਲ ਆਖਰ,
ਦੋਵੇਂ ਧਿਰਾਂ ਹਨ ਹੋ ਗਈਆਂ ਗਰਮ ਬੇਲੀ।
ਹੈਲੀਕਾਪਟਰ ਦਾ ਮੁੱਦਾ ਜਦ ਉੱਠ ਪੈਂਦਾ,
ਕਈਆਂ ਤਰ੍ਹਾਂ ਦੇ ਪੈਣ ਕੁਝ ਭਰਮ ਬੇਲੀ।
ਆਉਂਦੀ ਬਾਤ ਫਿਰ ਜੰਗੀ ਜਹਾਜ਼ ਵਾਲੀ,
ਕਾਂਗਰਸ ਭੜਕਦੀ, ਭਾਜਪਾ ਨਰਮ ਬੇਲੀ।
ਕਹਿੰਦੇ ਲੋਕ ਨੇ ਦੰਦਾਂ ਨਾਲ ਟੁੱਕ ਉਂਗਲ,
ਮਾੜੇ ਭਾਰਤ ਦੇ ਦਿੱਸ ਰਹੇ ਕਰਮ ਬੇਲੀ।
ਦੋਵੇਂ ਧਿਰਾਂ ਤਾਂ ਖੁੱਲ੍ਹਾ ਇਹ ਕਹਿੰਦੀਆਂ ਨੇ,
ਸਿੱਧੀ ਬਹਿਸ ਲਈ ਅਸੀਂ ਤਿਆਰ ਬੇਲੀ।
ਪਾਰਲੀਮੈਂਟ ਵਿੱਚ ਫਿਰ ਨਾ ਬਹਿਸ ਹੁੰਦੀ,
ਬਣਿਆ ਰਹਿੰਦਾ ਈ ਮੱਛੀ ਬਾਜ਼ਾਰ ਬੇਲੀ।

**ਤੀਸ ਮਾਰ ਖਾਂ**

# ਪਾਣੀ ਦੇ ਪੱਧਰ ਬਾਰੇ ਅਥਾਰਟੀ ਤੇ ਸਮਾਰਟ ਫੋਨ ਸਣੇ ਕਈ ਫੈਸਲੇ ਪੰਜਾਬ ਸਰਕਾਰ ਵੱਲੋਂ ਪ੍ਰਵਾਨ

ਚੰਡੀਗੜ੍ਹ, 2 ਜਨਵਰੀ, (ਪੋਸਟ ਬਿਊਰੋ)- ਪੰਜਾਬ ਵਿੱਚ ਧਰਤੀ ਹੇਠਲੇ ਪਾਣੀ ਦਾ ਡਿੱਗਦੇ ਪੱਧਰ ਰੋਕਣ ਲਈ ਬੀਤੇ ਦਸ ਸਾਲਾਂ ਤੋਂ ਵਾਟਰ ਅਥਾਰਿਟੀ ਬਣਾਉਣ ਦੇ ਲਟਕੇ ਹੋਏ ਮੁੱਦੇ ਨੂੰ ਹੱਲ ਕਰਨ ਲਈ ਪੰਜਾਬ ਸਰਕਾਰ ਨੇ ਚਾਰ ਮੰਤਰੀਆਂ ਦੀ ਸਬ-ਕਮੇਟੀ ਬਣਾ ਦਿੱਤੀ ਹੈ। ਅੱਜ ਹੀ ਸਰਕਾਰ ਨੇ ਪੰਜਾਬ ਦੇ ਨੌਜਵਾਨਾਂ ਨੂੰ ਸਮਾਰਟ ਫੋਨ ਵੰਡਣ ਅਤੇ ਅਣ-ਅਧਿਕਾਰਤ ਉਸਾਰੀਆਂ ਨੂੰ ਇੱਕੋ-ਵਾਰੀ ਰੈਗੂਲਰ ਕਰਨ ਅਤੇ ਭਗੌੜੇ ਹੋ ਚੁੱਕੇ ਅਪਰਾਧੀਆਂ ਦੀਆਂ ਜਾਇਦਾਦਾਂ ਜ਼ਬਤ ਕਰਨ ਦੇ ਫ਼ੈਸਲੇ ਨੂੰ ਵੀ ਪ੍ਰਵਾਨਗੀ ਦੇ ਦਿੱਤੀ ਹੈ। ਕਈ ਹੋਰ ਵੱਡੇ ਫੈਸਲੇ ਵੀ ਕੀਤੇ ਗਏ ਹਨ।



ਵਰਨਣ ਯੋਗ ਹੈ ਕਿ ਪਾਣੀਆਂ ਬਾਰੇ ਅਥਾਰਿਟੀ ਬਣਾਉਣ ਦਾ ਬਿਲ ਪੰਜਾਬ ਵਿਧਾਨ ਸਭਾ ਦੇ ਸਰਦ ਰੁੱਤ ਸੈਸ਼ਨ ਵਿੱਚ ਲਿਆਂਦਾ ਜਾਣਾ ਸੀ, ਪਰ ਚਾਰ ਮੰਤਰੀਆਂ ਦੇ ਵਿਰੋਧ ਕਾਰਨ ਪੇਸ਼ ਨਹੀਂ ਸੀ ਹੋ ਸਕਿਆ। ਪਤਾ ਲੱਗਾ ਹੈ ਕਿ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਕੈਬਨਿਟ ਮੀਟਿੰਗ ਵਿੱਚ ਪਾਣੀਆਂ ਬਾਰੇ ਅਥਾਰਿਟੀ ਬਣਾਉਣ ਦੇ ਵਿਰੁੱਧ ਦਲੀਲ ਦਿੱਤੀ ਕਿ ਇਹ ਅਥਾਰਿਟੀ ਬਣਾਉਣਾ ਉਨ੍ਹਾਂ ਦੇ ਵਿਭਾਗ ਵਿੱਚ ਸਿੱਧਾ ਦਖਲ ਹੈ। ਇਸ ਦੇ ਬਣਨ ਨਾਲ ਸ਼ਹਿਰੀ ਲੋਕਾਂ ਨੂੰ ਮਿਲ ਰਹੇ ਪਾਣੀ ਦੀਆਂ ਦਰਾਂ ਤੈਅ ਕਰਨ ਸਮੇਤ ਕਈ ਕੰਮ ਇਸ ਦੇ ਅਧਿਕਾਰ ਵਿੱਚੋਂ ਨਿਕਲ ਜਾਣਗੇ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਇਸ ਦੇ ਹੱਲ ਲਈ ਚਾਰ ਮੰਤਰੀਆਂ ਦੀ ਸਬ-ਕਮੇਟੀ ਬਣਾ ਦਿੱਤੀ ਹੈ, ਜਿਹੜੀ ਅਥਾਰਿਟੀ ਬਣਾਉਣ ਲਈ ਬਿਲ ਦੇ ਖਰੜੇ ਦਾ ਅਧਿਐਨ ਕਰ ਕੇ ਆਪਣੇ ਇਤਰਾਜ਼ ਅਤੇ ਸੁਝਾਅ ਸਰਕਾਰ ਨੂੰ ਦੇਵੇਗੀ। ਇਸ ਸਬ-ਕਮੇਟੀ ਵਿੱਚ ਮੰਤਰੀ ਨਵਜੋਤ ਸਿੰਘ ਸਿੱਧੂ, ਤ੍ਰਿਪਤ ਰਾਜਿੰਦਰ ਸਿੰਘ ਬਾਜਵਾ, ਸੁਖਬਿੰਦਰ ਸਿੰਘ ਸਰਕਾਰੀਆ ਤੇ ਰਜ਼ੀਆ ਸੁਲਤਾਨਾ ਨੂੰ ਸ਼ਾਮਲ ਕੀਤਾ ਹੈ। ਮੁੱਖ ਮੰਤਰੀ ਨੇ ਸਬ-ਕਮੇਟੀ ਮੈਂਬਰਾਂ ਨੂੰ ਕਿਹਾ ਕਿ ਉਹ ਇਜ਼ਰਾਈਲ ਦਾ ਦੌਰਾ ਜ਼ਰੂਰ ਕਰਨ ਤੇ ਪਾਣੀਆਂ ਦੀ ਵਰਤੋਂ ਦੀ ਸੇਧ ਲੈਣ। ਇਸ ਤੋਂ ਪਹਿਲਾਂ ਮੁੱਖ ਮੰਤਰੀ ਦੀ ਅਗਵਾਈ ਹੇਠ ਇਕ ਟੀਮ ਇਜ਼ਰਾਈਲ ਦੌਰਾ ਕਰ ਚੁੱਕੀ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਜੇ ਪੰਜਾਬ ਸਰਕਾਰ ਨੇ ਧਰਤੀ ਹੇਠਲੇ ਪਾਣੀ ਦਾ ਪੱਧਰ ਡਿੱਗਣ ਤੋਂ ਰੋਕਣ ਲਈ ਕਦਮ ਨਾ ਚੁੱਕੇ ਤਾਂ ਸਾਲ 2026 ਤਕ ਪੰਜਾਹ ਫੀਸਦੀ ਪਾਣੀ ਪੀਣ ਯੋਗ ਨਹੀਂ ਰਹੇਗਾ।

ਅੱਜ ਹੀ ਪੰਜਾਬ ਕੈਬਨਿਟ ਨੇ ਚੋਣ ਵਾਅਦਾ ਪੂਰਾ ਕਰਦਿਆਂ ਨੌਜਵਾਨਾਂ ਨੂੰ ਸਮਾਰਟ ਫੋਨ ਵੰਡਣ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਪਹਿਲੇ ਪੜਾਅ ਵਿੱਚ ਸਰਕਾਰੀ ਸਕੂਲਾਂ, ਕਾਲਜਾਂ ਅਤੇ ਤਕਨੀਕੀ ਸੰਸਥਾਵਾਂ ਦੇ ਗਰੈਜੂਏਟ ਵਿਦਿਆਰਥੀਆਂ ਨੂੰ ਸਮਾਰਟ ਫੋਨ ਮਿਲਣਗੇ। ਵਿਦਿਆਰਥੀਆਂ ਨੂੰ ਸਵੈ-ਤਸਦੀਕ ਸਰਟੀਫਿਕੇਟ ਦੇਣਾ ਪਵੇਗਾ ਕਿ ਉਨ੍ਹਾਂ ਕੋਲ ਮੋਬਾਈਲ ਫੋਨ ਨਹੀਂ ਹੈ। ਸਮਾਰਟ ਮੋਬਾਈਲ ਫੋਨ ਨਾਲ ਇਸ ਵਿੱਚ ਇਕ ਵਾਰ 12 ਜੀ ਬੀ ਡੇਟਾ ਅਤੇ 600 ਲੋਕਲ ਮਿੰਟ ਟਾਕ-ਟਾਈਮ ਵੀ ਇਕ ਸਾਲ ਦਾ ਹੋਵੇਗਾ। ਇਸ ਦੀ ਕੀਮਤ ਤਿੰਨ ਤੋਂ ਚਾਰ ਹਜ਼ਾਰ ਰੁਪਏ ਹੋਵੇਗੀ। ਸਕੀਮ ਲਾਗੂ ਕਰਨ ਵਾਲੇ ਡੀਲਰ ਨੂੰ ਪਾਰਦਰਸ਼ੀ ਬਿਡਿੰਗ ਨਾਲ ਚੁਣਿਆ ਜਾਵੇਗਾ। ਇਸ ਬਾਰੇ ਪੰਜਾਬ ਸੂਚਨਾ ਅਤੇ ਸੰਚਾਰ ਤਕਨਾਲੋਜੀ ਕਾਰਪੋਰੇਸ਼ਨ ਟੈਂਡਰ ਜਾਰੀ ਕਰ ਚੁੱਕੀ ਹੈ। ਸਮਾਰਟ ਫੋਨ ਦਾ ਪਹਿਲਾਂ ਬੈਚ ਇਸ ਮਾਰਚ ਵਿੱਚ ਵੰਡੇ ਜਾਣ ਦੀ ਆਸ ਹੈ।

ਰਾਜ ਸਰਕਾਰ ਨੇ ਇਸ ਸਾਲ 30 ਜੂਨ ਤਕ ਅਣ-ਅਧਿਕਾਰਤ ਉਸਾਰੀਆਂ ਨੂੰ ਰੈਗੂਲਰ ਕਰਨ ਦੇ ਇਕੱਠੇ ਨਿਬੇੜੇ ਨੂੰ ਵੀ ਪ੍ਰਵਾਨਗੀ ਦੇ ਦਿੱਤੀ ਹੈ। ਮਿਉਂਸਪਲ ਖੇਤਰਾਂ ਵਿੱਚ ਇਮਾਰਤੀ ਨਿਯਮਾਂ ਦੀ ਉਲੰਘਣਾ ਨਾਲ ਬਣੀਆਂ ਇਮਾਰਤਾਂ ਦੇ ਲਈ ‘ਦੀ ਪੰਜਾਬ ਵੰਨ ਟਾਈਮ ਵਾਲੰਟਰੀ ਡਿਸਕਲੋਜ਼ਰ ਐਂਡ ਸੈਟਲਮੈਂਟ ਆਫ਼ ਵਾਇਓਲੇਸ਼ਨ ਆਫ਼ ਦੀ ਬਿਲਡਿੰਗਜ਼’ ਦੇ ਆਰਡੀਨੈਂਸ ਨੂੰ ਜਾਰੀ ਕਰਨ ਦੀ ਇਸ ਪ੍ਰਵਾਨਗੀ ਦਾ ਉਦੇਸ਼ ਪਾਰਕਿੰਗ, ਅੱਗ ਅਤੇ ਸੁਰੱਖਿਆ ਪ੍ਰਬੰਧਾਂ ਨਾਲ ਪਿਛਲੇ ਸਾਲਾਂ ਵਿੱਚ ਬਣੀਆਂ ਅਣ-ਅਧਿਕਾਰਤ ਇਮਾਰਤਾਂ, ਜਿਨ੍ਹਾਂ ਨੂੰ ਢਾਹੁਣਾ ਸੰਭਵ ਨਹੀਂ, ਨੂੰ ਰੈਗੂਲਰ ਕਰਨਾ ਹੈ।

## ਭਾਰਤ ਦੇ ਤਿੰਨ ਸਰਕਾਰੀ ਬੈਂਕ ਇੱਕੋ ਕਰਨ ਨੂੰ ਮਨਜ਼ੂਰੀ ਮਿਲੀ




ਨਵੀਂ ਦਿੱਲੀ, 2 ਜਨਵਰੀ, (ਪੋਸਟ ਬਿਊਰੋ)- ਭਾਰਤ ਦੇ ਸਰਕਾਰੀ ਖੇਤਰਾਂ ਦੇ ਤਿੰਨ ਬੈਂਕਾਂ ਨੂੰ ਇੱਕ ਕਰਨ ਨੂੰ ਪ੍ਰਵਾਨਗੀ ਮਿਲ ਗਈ ਹੈ। ਕੇਂਦਰ ਦੀ ਨਰਿੰਦਰ ਮੋਦੀ ਸਰਕਾਰ ਨੇ ਬੈਂਕ ਆਫ਼ ਬੜੌਦਾ ਵਿਚ ਵਿਜਯਾ ਬੈਂਕ ਅਤੇ ਦੇਨਾ ਬੈਂਕ ਦਾ ਰਲੇਵਾਂ ਕੀਤੇ ਜਾਣ ਨੂੰ ਅੱਜ ਪ੍ਰਵਾਨਗੀ ਦੇ ਦਿਤੀ ਹੈ।

ਵਰਨਣ ਯੋਗ ਹੈ ਕਿ ਸਰਕਾਰ ਨੇ ਬੀਤੇ ਸਾਲ ਸਤੰਬਰ ਵਿਚ ਇਨ੍ਹਾਂ ਤਿੰਨਾਂ ਬੈਂਕਾਂ ਨੂੰ ਇੱਕ ਕਰਨ ਦੀ ਗੱਲ ਕਹੀ ਤੇ ਨਾਲ ਇਹ ਕਿਹਾ ਸੀ ਕਿ ਤਿੰਨਾਂ ਬੈਂਕਾਂ ਦਾ ਰਲੇਵਾਂ ਕਰ ਕੇ ਬਣਨ ਵਾਲਾ ਨਵਾਂ ਬੈਂਕ ਅਗਲੇ ਵਿੱਤੀ ਸਾਲ ਦੇ ਸ਼ੁਰੂ ਵਿਚ ਕੰਮ ਕਰਨ ਲਗੇਗਾ। ਬੈਂਕ ਮੁਲਾਜ਼ਮ ਇਸ ਰਲੇਂਵੇ ਦਾ ਵਿਰੋਧ ਕਰ ਰਹੇ ਹਨ। 10 ਲੱਖ ਬੈਂਕ ਮੁਲਾਜ਼ਮਾਂ ਨੇ ਰਲੇਂਵੇ ਦੇ ਵਿਰੁੱਧ 21 ਦਸੰਬਰ ਅਤੇ 26 ਦਸੰਬਰ ਨੂੰ ਹੜਤਾਲ ਕੀਤੀ ਸੀ।

ਇਸ ਤੋਂ ਪਹਿਲਾਂ ਪਿਛਲੇ ਸਾਲ ਭਾਰਤ ਸਰਕਾਰ ਨੇ ਦੇਸ਼ ਦੇ ਸਭ ਤੋਂ ਵੱਡੇ ਭਾਰਤੀ ਸਟੇਟ ਬੈਂਕ ਵਿਚ ਉਸ ਦੇ ਪੰਜ ਸਹਿਯੋਗੀ ਬੈਂਕਾਂ ਅਤੇ ਭਾਰਤੀ ਮਹਿਲਾ ਬੈਂਕ ਦਾ ਰਲੇਵਾਂ ਕਰ ਦਿਤਾ ਸੀ। ਉਸ ਰਲੇਵੇਂ ਨਾਲ ਸਟੇਟ ਬੈਂਕ ਦੁਨੀਆਂ ਦੇ ਸਿਖਰ ਦੇ 50 ਬੈਂਕਾਂ ਵਿਚ ਸ਼ਾਮਲ ਹੋ ਗਿਆ ਸੀ। ਓਦੋਂ ਵਿੱਤ ਮੰਤਰੀ ਅਰੁਣ ਜੇਤਲੀ ਦੀ ਅਗਵਾਈ ਵਾਲੀ ਕਮੇਟੀ ਨੇ ਤਿੰਨ ਬੈਂਕਾਂ ਦੇ ਰਲੇਂਵੇ ਦਾ ਫ਼ੈਸਲਾ ਵੀ ਕੀਤਾ ਸੀ। ਸਰਕਾਰ ਨੇ ਅੱਜ ਨੈਸ਼ਨਲ ਹੈਲਥ ਏਜੰਸੀ ਦੇ ਰੀਸਟ੍ਰਕਚਰਿੰਗ ਨੂੰ ਵੀ ਪ੍ਰਵਾਨ ਕਰ ਲਿਆ ਹੈ। ਇਸ ਨਾਲ ਪ੍ਰਧਾਨ ਮੰਤਰੀ ਜਨ ਸਿਹਤ ਯੋਜਨਾ ਨੂੰ ਚੰਗੇ ਢੰਗ ਨਾਲ ਲਾਗੂ ਕੀਤਾ ਜਾ ਸਕੇਗਾ।

# ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਪਹਿਲੀ ਵਾਰ ਪਾਰਲੀਮੈਂਟ ਵਿੱਚ ਸ਼ਰਧਾਂਜਲੀ

ਨਵੀਂ ਦਿੱਲੀ, 2 ਜਨਵਰੀ, (ਪੋਸਟ ਬਿਊਰੋ)- ਲੋਕ ਸਭਾ ਸਪੀਕਰ ਸੁਮਿਤਰਾ ਮਹਾਜਨ ਨੇ ਹਾਊਸ ਵਿੱਚ ਕਿਹਾ ਕਿ ਸਾਡਾ ਦੇਸ਼ ਦਸਮ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਦੀ ਸ਼ਹੀਦੀ ਨੂੰ ਕਦੇ ਵੀ ਨਹੀਂ ਭੁਲਾ ਸਕਦਾ ਤੇ ਸਦਨ ਉਨ੍ਹਾਂ ਸਾਹਿਬਜ਼ਾਦਿਆਂ ਨੂੰ ਆਪਣੀ ਸ਼ਰਧਾ ਦੇ ਫੁੱਲ ਭੇਟ ਕਰਦਾ ਹੈ।



ਇਸ ਤੋਂ ਪਹਿਲਾਂ ਆਮ ਆਦਮੀ ਪਾਰਟੀ ਦੇ ਭਗਵੰਤ ਮਾਨ ਨੇ ਸਦਨ ਵਿੱਚ ਸਾਹਿਬਜ਼ਾਦਿਆਂ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਕਿਹਾ ਸੀ ਤੇ ਅਕਾਲੀ ਦਲ ਦੇ ਪ੍ਰੇਮ ਸਿੰਘ ਚੰਦੂਮਾਜਰਾ ਨੇ ਮੈਂਬਰਾਂ ਨੂੰ ਬੇਨਤੀ ਕੀਤੀ ਸੀ ਕਿ ਸਾਹਿਬਜ਼ਾਦਿਆਂ ਦੀ ਯਾਦ ਵਿੱਚ ਦੋ ਮਿੰਟਾਂ ਲਈ ਖੜੇ ਹੋ ਕੇ ਮੌਨ ਧਾਰਨ ਕੀਤਾ ਜਾਵੇ। ਕਾਂਗਰਸ ਦੀ ਰਣਜੀਤਾ ਰੰਜਨ ਨੇ ਵੀ ਮੰਗ ਕੀਤੀ ਕਿ ਸਾਹਿਬਜ਼ਾਦਿਆਂ ਦੀ ਸ਼ਹੀਦੀ ਬਾਰੇ ਸਭਾਵਾਂ ਸਾਰੇ ਦੇਸ਼ ਵਿੱਚ ਕਰਨੀਆਂ ਚਾਹੀਦੀਆਂ ਹਨ। ਕੇਂਦਰੀ ਮੰਤਰੀ ਅਤੇ ਭਾਜਪਾ ਦੇ ਸੀਨੀਅਰ ਆਗੂ ਐਸ ਐਸ ਆਹਲੂਵਾਲੀਆ ਨੇ ਕਿਹਾ ਕਿ ਸਾਹਿਬਜ਼ਾਦਿਆਂ ਦੀ ਸ਼ਹੀਦੀ ਅੱਗੇ ਸਾਡਾ ਸਭ ਦਾ ਸਿਰ ਆਪਣੇ ਆਪ ਝੁਕ ਜਾਂਦਾ ਹੈ। ਵਰਨਣ ਯੋਗ ਹੈ ਕਿ ਜਦੋਂ ਗੁਰੂ ਗੋਬਿੰਦ ਸਿੰਘ ਦੇ ਸਾਹਿਬਜ਼ਾਦਿਆਂ ਨੂੰ ਸ਼ਰਧਾਂਜਲੀਆਂ ਦਿੱਤੀਆਂ ਜਾ ਰਹੀਆਂ ਸਨ ਤਾਂ ਸਦਨ ਵਿੱਚ ਕਾਂਗਰਸ ਅਤੇ ਅੰਨਾ ਡੀ ਐਮ ਕੇ ਦੇ ਮੈਂਬਰਾਂ ਨੇ ਵੱਖ ਵੱਖ ਮੁੱਦਿਆਂ ਦੀ ਨਾਅਰੇਬਾਜ਼ੀ ਜਾਰੀ ਰੱਖੀ। ਸਪੀਕਰ ਸੁਮਿਤਰਾ ਮਹਾਜਨ ਨੇ ਕਿਹਾ ਕਿ ਮੈਂਬਰ ਸੰਜੀਦਾ ਮੁੱਦੇ ’ਤੇ ਬੋਲ ਰਹੇ ਹਨ ਤੇ ਪ੍ਰਦਰਸ਼ਨ ਕਰਦੇ ਮੈਂਬਰਾਂ ਨੂੰ ਖਾਮੋਸ਼ ਰਹਿ ਕੇ ਉਨ੍ਹਾਂ ਨੂੰ ਸੁਣਨਾ ਚਾਹੀਦਾ ਹੈ, ਕਿਉਂਕਿ ਇਹ ਮਾਮਲਾ ਸਿਰਫ਼ ਸਿੱਖ ਧਰਮ ਨਾਲ ਸਬੰਧਤ ਨਹੀਂ।

ਪਹਿਲਾਂ ਸਵੇਰੇ ਆਮ ਆਦਮੀ ਪਾਰਟੀ ਦੇ ਪਾਰਲੀਮੈਂਟ ਮੈਂਬਰ ਭਗਵੰਤ ਮਾਨ ਨੇ ਲੋਕ ਸਭਾ ਸਪੀਕਰ ਸੁਮਿੱਤਰਾ ਮਹਾਜਨ ਨੂੰ ਮਿਲ ਕੇ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਦੀ ਕੁਰਬਾਨੀ ਬਾਰੇ ਚਿੱਠੀ ਦਿੱਤੀ ਸੀ। ਭਗਵੰਤ ਮਾਨ ਨੇ ਕਿਹਾ ਕਿ ਅੱਜ ਸਾਡੇ ਲਈ ਬਹੁਤ ਮਹੱਤਵ ਪੂਰਨ ਦਿਨ ਹੈ, ਇਸ ਦਿਨ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਦੀ ਕੁਰਬਾਨੀ ਹੋਈ ਸੀ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਲੋਕ ਸਭਾ ਸਪੀਕਰ ਨੂੰ ਮਿਲ ਕੇ ਚਿੱਠੀ ਦਿੱਤੀ ਹੈ, ਜਿਸ ਵਿਚ ਲਿਖਿਆ ਹੈ ਕਿ ਪੰਜਾਬ ਦੇ ਲੋਕ ਦਸੰਬਰ ਦੇ ਆਖਰੀ ਹਫਤੇ ਨੂੰ ਸ਼ਹੀਦੀ ਹਫਤੇ ਵਜੋਂ ਮਨਾਉਂਦੇ ਹਨ। ਭਗਵੰਤ ਮਾਨ ਮੰਗ ਕੀਤੀ ਸੀ ਕਿ ਸਾਹਿਬਜ਼ਾਦਿਆਂ ਨੂੰ ਲੋਕ ਸਭਾ ਵਿਚ ਸ਼ਰਧਾਂਜਲੀ ਦਿੱਤੀ ਜਾਵੇ। ਮਾਨ ਨੇ ਕਿਹਾ ਕਿ ਅੱਜ ਪਾਰਲੀਮੈਂਟ ਦੇ ਇਤਿਹਾਸ ਵਿਚ ਪਹਿਲੀ ਵਾਰ ਹੋਇਆ ਕਿ ਸਾਹਿਬਜ਼ਾਦਿਆਂ ਦੀ ਸ਼ਹਾਦਤ ਦਾ ਜ਼ਿਕਰ ਸਦਨ ਵਿਚ ਹੋਇਆ ਹੈ।

COLUMBUS TRUCK WASH
Open 7 Days
A/Z Drivers Needed
For Local Work (Busy All 7 Days a Week)
6771 COLUMBUS RD, UNIT #12
MISSISSAUGA ON (Near Dixie Gurughar) | 905-672-1635

REXDALE FINANCIAL SERVICES
WE HELP YOU START, GROW AND SUCCEED
Call now 416-674-8035
Tired pf Paying High Interest ?
PAY OFF YOUR DEBITS
BANKS SAY NO? WE SAY YES !
Increase Your Cash Flow by Upto 50%
YOU NEED A MORTGAGE ? WE'LL ARRANGE IT FOR YOU NO MATTER WHAT YOUR REASON IS !
Take advantage of the low mortgage rates that are being offered & save thousand of dollars
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
BEHIND ON YOUR MORTGAGE PAYMENTS ?
SHOPPING FOR A BETTER INTEREST RATE?
MORTGAGES SUITABLE FOR EVERY NEED !
1st, 2nd and 3rd Mortgages Available !
ALL IN ONE LOW MONTHLY PAYMENT !
Do You Want To?
• Pay Off All Your Credit Cards/Loans At Once
• Consolidate Your 1st & 2nd Mortgages
• Finance Those Renovations That Your Family Always Wants
• Renew Your Mortgage For Lower Rates
SELF-EMPLOYED OR UN-EMPLOYED
Some Conditions Apply
NO CREDIT ANY CREDIT
Om Mehta # M08006224 416-791-8193
Jaspal Singh Gahunia # M08006400 416-677-0047
The Mortgage Centre
19 Woodbine Downs Blvd., Unit 201, Etobicoke, ON M9W 6N5

ukttc
UK TRUCK TRAINING CENTRE
PCC #179958
Registered as a Private Careers College
Forklift $79 Recertification
Automatic & Manual Trucks
1:1 Training
Forklift Training
Reach Truck
Counterbalance
Air Brake Classes
Sat-Sun 8am to 4pm
Kuldip Singh Grewal
647.894.8590
17 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾਂ ਦੀ ਸਪੈਸ਼ਲ ਟ੍ਰੇਨਿੰਗ
Gurjot Singh Grewal: 437-224-8500
Off:905.673.7979
7542 Bath Rd, Mississauga, ON L4T 1L2

ਕਰੋਨਿਕ ਲਿਵਰ ਪਰੋਬਲਮ ਦਾ ਸ਼ਰਤੀਆ ਇਲਾਜ਼
ਲਿਵਰ ਸਰੋਇਸਿਸ, ਫੈਟੀ ਲਿਵਰ, ਹੈਪਾਟਾਇਟਸ A, B &C ਪੀਲੀਆ
ਡਿਪਰੈਸ਼ਨ ਦਾ ਸ਼ਰਤੀਆ ਇਲਾਜ਼ Symptoms: ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety, Confidence ਨਹੀਂ ਰਹਿਣਾ, ਮੰਨ ਉਦਾਸ ਰਹਿਣਾ, ਚੇਤਾ ਭੁੱਲਣਾ ਆਦਿ ਤਕਲੀਫਾਂ ਦਾ ਇਲਾਜ ਹੈ। ਮਹਾਵਾਰੀ ਅਤੇ uterus ਤੇ breast ਦੀਆ ਰਸੌਲੀਆਂ ਦਾ ਵੀ ਸ਼ਰਤੀਆ ਇਲਾਜ ਹੈ।
ਹਾਈ ਬੀ-ਪੀ, ਕੋਲੈਸਟਰੋਲ, ਹਾਰਟ ਪਰੋਬਲਮ,ਆਰਟਰੀ ਦੀ ਬਲੋਕੇਜ, ਬਾਇਪਾਸ ਸਰਜਰੀ ਤੋ ਬਚਾਉ ਦਾ ਪੱਕਾ ਇਲਾਜ।
ਬੱਚਿਆਂ ਦਾ ਬਿਸਤਰੇ ਤੇ ਪਿਸ਼ਾਬ ਕਰਣਾ, ਬੱਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, ਬਜ਼ੁਰਗਾਂ ਦਾ ਪਿਸ਼ਾਬ ਬਾਰ-ਬਾਰ ਆਉਣਾ ਜਾਂ ਰੁਕਣਾ। ਜੇਕਰ ਤੁਸੀਂ Stunt ਜਾਂ ਬਾਈ ਪਾਸ ਸਰਜਰੀ ਤੋਂ ਬੱਚਣਾ ਚਾਹੁੰਦੇ ਹੋ ਤਾਂ ਅੱਜ ਹੀ ਸਾਨੂੰ ਸੰਪਰਕ ਕਰੋ। ਸਰਜਰੀ ਅਤੇ Stunt ਤੋਂ ਬੱਚਣ ਲਈ ਸਾਡੇ ਕੋਲ ਤੱਸਲੀਬੱਖਸ਼ ਇਲਾਹ ਹੈ।
ਆਪਣੀ ਚਿਹਰੇ ਦੀ ਖੂਬਸੂਰਤੀ ਨੂੰ ਵਧਾਓ, ਜ਼ਿੱਦੀ ਛਾਈਆਂ ਵਰਗੀ ਨਾਮੁਰਾਦ ਬਿਮਾਰੀ ਤੋਂ ਹਮੇਸ਼ਾ ਲਈ ਛੁਟਕਾਰਾ ਪਾਓ। ਸਿਰ ਵਿੱਚ ਸਿਕਰੀ/dandruf ਦਾ ਪੱਕਾ ਇਲਾਜ।
Exima, ਬਵਾਸੀਰ ਦਾ ਪੱਕਾ ਇਲਾਜ ਹੈ ਅੱਖਾਂ ਲਾਲ, ਨਕ ਵਧਣਾ, ਖਾਜ ਹੋਣੀ ਫੁਲਾਂ ਤੋ ਅਤੇ ਘਾਹ ਤੋ ਅਲਰਜੀ, Sinus, Headache, running nose, sneezing ਆਦਿ ਤਕਲੀਫਾਂ ਦਾ ਵੀ ਜੜੋ ਇਲਾਜ ਹੈ। ਕਬਜ਼ ਦਾ ਇਲਾਜ ਤੇ ਸ਼ਰਾਬ ਛਡਣ ਦਾ ਸ਼ਰਤੀਆ ਇਲਾਜ,ਅੱਡੀਆਂ ਦੀਆਂ ਹੱਡੀਆਂ ਵੱਧ ਜਾਣਾ ਤੇ ਪੈਰਾਂ ਦੀਆਂ ਭੌਰੀਆਂ ਦਾ ਪੱਕਾ ਇਲਾਜ ਹੈ।
ਬਿਨਾ ਤਕਲੀਫ ਤੋਂ ਸ਼ਰਾਬ ਛਡੱਣ ਦਾ ਸ਼ਰਤੀਆ ਇਲਾਜ
NO SIDE EFFECTS
100% Natural Cure ਵਧੇਰੀ ਜਾਣਕਾਰੀ ਲਈ ਕਾਲ ਕਰੋ: 647-643-7593

AMAN TRAVEL
ਅਮਨ ਟਰੈਵਲ
SPECIAL FARES TO DELHI & AMRITSAR
TICO # 50022741
LAST MINUTE DEALS AVAILABLE
GAURAV GUPTA
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
218 KINGKNOLL DR., BRAMPTON, ON L6Y 4X4

ShergGill Law Firm
Barrister, Solicitor & Notary Public
Services:
• Real Estate
• Family Law
• Residential, Commercial, Franchise
• Affidavit, Power Of Attorney & Notarization
• Criminal Law
• Immigration Matters
Paramjit Singh Gill (MBA,LL.B.)
Phone : 905-790-3636
Emergency Contact: 416.910.5676
www.shergilllawfirm.ca
2565 Steeles Ave E Unit #20, Brampton, ON L6T 4L6

# ਬਣ ਗਿਆ ਇਤਿਹਾਸ: ਦੋ ਔਰਤਾਂ ਨੇ ਸ਼ਬਰੀਮਾਲਾ ਮੰਦਰ 'ਚ ਮੱਥਾ ਜਾ ਟੇਕਿਆ



ਸ਼ਬਰੀਮਾਲਾ (ਕੇਰਲਾ), 2 ਜਨਵਰੀ, (ਪੋਸਟ ਬਿਊਰੋ)- ਕਾਲੇ ਰੰਗ ਦੇ ਕੱਪੜੇ ਪਾ ਕੇ ਅੱਜ ਤੜਕੇ ਦੋ ਔਰਤਾਂ (42 ਅਤੇ 44 ਸਾਲ) ਨੇ ਸ਼ਬਰੀਮਾਲਾ ਮੰਦਰ ਵਿਚ ਮੱਥਾ ਟੇਕ ਕੇ ਇਤਿਹਾਸ ਬਣਾ ਦਿੱਤਾ।

ਭਗਵਾਨ ਅਯੱਪਾ ਮੰਦਰ ਵਿਚ 10 ਤੋਂ 50 ਸਾਲ ਦੀ ਉਮਰ ਦੀਆਂ ਔਰਤਾਂ ਦੇ ਮੱਥਾ ਟੇਕਣ ਉੱਤੇ ਲੱਗੀ ਪਾਬੰਦੀ ਨੂੰ ਸੁਪਰੀਮ ਕੋਰਟ ਵੱਲੋਂ ਹਟਾਏ ਜਾਣ ਦੇ ਫੈਸਲੇ ਪਿੱਛੋਂ ਅੱਜ ਬੁੱਧਵਾਰ ਪਹਿਲੀ ਵਾਰ ਕ੍ਰਮਵਾਰ 44 ਅਤੇ 42 ਸਾਲ ਦੀਆਂ ਕਨਾਕਾਦੁਰਗਾ ਅਤੇ ਬਿੰਦੂ ਨੇ ਪੁਲੀਸ ਦੀ ਸਖਤ ਸੁਰੱਖਿਆ ਦੇ ਨਾਲ ਮੱਥਾ ਟੇਕਿਆ। ਇਸ ਦਾ ਪਤਾ ਲੱਗਣ ਪਿੱਛੋਂ ਕੇਰਲ ਵਿਚ ਭਾਜਪਾ ਅਤੇ ਸੱਜੇ ਪੱਖੀ ਹਿੰਦੂ ਕਾਰਕੁਨਾਂ ਨੇ ਹਿੰਸਕ ਪ੍ਰਦਰਸ਼ਨ ਕੀਤੇ ਤੇ ਸਕੱਤਰੇਤ ਵਿਚ ਪੰਜ ਘੰਟੇ ਤੱਕ ਉਸ ਰਾਜ ਵਿੱਚ ਰਾਜ ਕਰਦੀ ਸੀ ਪੀ ਆਈ (ਐੱਮ) ਅਤੇ ਭਾਜਪਾ ਦੁਆਲੇ ਜੁੜੇ ਹੋਏ ਕਾਰਕੁਨਾਂ ਵਿੱਚ ਝੜਪਾਂ ਹੁੰਦੀਆਂ ਰਹੀਆਂ ਤੇ ਦੋਵਾਂ ਧਿਰਾਂ ਨੇ ਇੱਕ ਦੂਜੇ ਉੱਤੇ ਪੱਥਰ ਸੁੱਟੇ। ਪੁਲੀਸ ਨੂੰ ਸਥਿਤੀ ਕੰਟਰੋਲ ਹੇਠ ਕਰਨ ਲਈ ਜਲ ਤੋਪਾਂ ਤੇ ਅੱਥਰੂ ਗੈਸ ਦੇ ਗੋਲਿਆਂ ਦੀ ਵਰਤੋਂ ਕਰਨੀ ਪਈ। ਇਸ ਦੌਰਾਨ ਮੱਲਪੁਰਮ ਵਿਚ ਇਸ ਦੇ ਮੁੱਖ ਮੰਤਰੀ ਪਿਨੇਰਾਈ ਵਿਜਯਨ ਦਾ ਪੁਤਲਾ ਸਾੜਿਆ ਗਿਆ ਤੇ ਸਕੱਤਰੇਤ ਕੰਪਲੈਕਸ ਵਿਚ ਮੁੱਖ ਮੰਤਰੀ ਦਫ਼ਤਰ ਵੱਲ ਜਾਣ ਦੀ ਕੋਸ਼ਿਸ਼ ਕਰਦੀਆਂ ਭਾਜਪਾ ਮਹਿਲਾ ਮੋਰਚਾ ਦੀਆਂ ਚਾਰ ਔਰਤਾਂ ਨੂੰ ਗ੍ਰਿਫਤਾਰ ਕਰਨਾ ਪਿਆ। ਦੋ ਔਰਤਾਂ ਵੱਲੋਂ ਮੰਦਰ ਵਿਚ ਮੱਥਾ ਟੇਕਣ ਦੀ ਖਬਰ ਦਾ ਪਤਾ ਲੱਗਦੇ ਸਾਰ ਭਾਜਪਾ ਤੇ ਸੱਜੇ ਪੱਖੀ ਹਿੰਦੂ ਕਾਰਕੁਨਾਂ ਨੇ ਹਾਈਵੇਜ਼ ਉੱਤੇ ਜਾਮ ਲਾਏ ਜਾਣ ਤੋਂ ਇਲਾਵਾ ਦੁਕਾਨਾਂ ਤੇ ਬਾਜ਼ਾਰ ਜਬਰਦਸਤੀ ਬੰਦ ਕਰਾਉਣੇ ਸ਼ੁਰੂ ਕਰ ਦਿੱਤੇ। ਸਰਕਾਰੀ ਟਰਾਂਸਪੋਰਟ ਦੀਆਂ ਬੱਸਾਂ ਨੂੰ ਕੋਨੀ ਤੇ ਕੋਜੈਨਚੇਰੀ ਵਿਚ ਨੁਕਸਾਨ ਪੁਚਾਉਣ ਦੀਆਂ ਵੀ ਖਬਰਾਂ ਹਨ। ਹਿੰਸਾ ਵਿਚ ਕਈ ਪੁਲੀਸ ਵਾਲੇ ਵੀ ਜ਼ਖਮੀ ਹੋ ਗਏ। ਅਧਿਕਾਰੀਆਂ ਮੁਤਾਬਕ ਮੀਡੀਆ ਕਰਮੀਆਂ ਉੱਤੇ ਵੀ ਸਕੱਤਰੇਤ ਮੂਹਰੇ ਭਾਜਪਾ ਕਾਰਕੁਨਾਂ ਨੇ ਹਮਲਾ ਕੀਤਾ।

ਇਸ ਦੌਰਾਨ ਕਈ ਸਥਾਨਕ ਚੈਨਲਾਂ ਉੱਤੇ ਦੋ ਔਰਤਾਂ ਵੱਲੋਂ ਮੰਦਰ ਵਿਚ ਮੱਥਾ ਟੇਕਣ ਦੀਆਂ ਤਸਵੀਰਾਂ ਆਉਣ ਤੋਂ ਬਾਅਦ ਕੇਰਲ ਦੇ ਮੁੱਖ ਮੰਤਰੀ ਪਿਨੇਰਾਈ ਵਿਜਯਨ ਨੇ ਦੱਸਿਆ ਕਿ ਸ਼ਬਰੀਮਾਲਾ ਮੰਦਰ ਵਿਚ ਦਾਖ਼ਲ ਹੋਣ ਵੇਲੇ ਦੋਵਾਂ ਨੂੰ ਪੁਲੀਸ ਸੁਰੱਖਿਆ ਦਿੱਤੀ ਗਈ ਸੀ। ਸਮਾਜੀ ਕਾਰਕੁਨ ਤ੍ਰਿਪਤੀ ਦੇਸਾਈ ਨੇ ਦੋ ਔਰਤਾਂ ਦੇ ਸ਼ਬਰੀਮਾਲਾ ਮੰਦਰ ਵਿਚ ਮੱਥਾ ਟੇਕਣ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਹ ਬਰਾਬਰੀ ਦੀ ਜਿੱਤ ਹੈ। ਮੱਥਾ ਟੇਕਣ ਵਾਲੀਆਂ ਦੋਵਾਂ ਔਰਤਾਂ ਦੇ ਘਰਾਂ ਦੇ ਬਾਹਰ ਪੁਲੀਸ ਮੁਲਾਜ਼ਮ ਵੀ ਤਾਇਨਾਤ ਕਰ ਦਿੱਤੇ ਗਏ ਹਨ।

# ਰਾਫ਼ਾਲ ਜਹਾਜ਼ ਸੌਦੇ ਬਾਰੇ ਸਾਬਕਾ ਮੰਤਰੀ ਪਰਿਕਰ ਦੀ ਟੇਪ ਨਾਲ ਨਵੇਂ ਹੰਗਾਮੇ ਸ਼ੁਰੂ

## * ਲੋਕ ਸਭਾ ਵਿਚ ਮਿਹਣੇਬਾਜ਼ੀ, ਆਹਮੋ ਸਾਹਮਣੇ ਚੁਣੌਤੀਆਂ



ਨਵੀਂ ਦਿੱਲੀ, 2 ਜਨਵਰੀ, (ਪੋਸਟ ਬਿਊਰੋ)- ਭਾਰਤ ਦੀ ਪਾਰਲੀਮੈਂਟ ਦੇ ਹੇਠਲੇ ਸਦਨ ਲੋਕ ਸਭਾ ਵਿੱਚ ਅੱਜ ਇਸ ਗੱਲ ਦਾ ਰੌਲਾ ਪੈ ਗਿਆ ਕਿ ਗੋਆ ਦੇ ਮੁੱਖ ਮੰਤਰੀ ਅਤੇ ਭਾਰਤ ਦੇ ਸਾਬਕਾ ਰੱਖਿਆ ਮੰਤਰੀ ਮਨੋਹਰ ਪਰਿਕਰ ਨੇ ਫਰਾਂਸ ਨਾਲ ਰਾਫ਼ਾਲ ਜਹਾਜ਼ ਸੌਦੇ ਬਾਰੇ ਇਕ ਫਾਈਲ ਆਪਣੇ ਬੈੱਡਰੂਮ ਵਿਚ ਰੱਖੀ ਹੋਈ ਹੈ। ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨੇ ਇਸ ਬਾਰੇ ਇਕ ਆਡੀਓ ਟੇਪ ਸਦਨ ਵਿਚ ਚਲਾ ਕੇ ਸੁਣਉਣ ਦੀ ਕੋਸ਼ਿਸ਼ ਕੀਤੀ ਤਾਂ ਕਾਂਗਰਸ ਅਤੇ ਸਰਕਾਰ ਦਾ ਜ਼ਬਰਦਸਤ ਟਕਰਾਅ ਸ਼ੁਰੂ ਹੋ ਗਿਆ। ਵਿੱਤ ਮੰਤਰੀ ਅਰੁਣ ਜੇਤਲੀ ਨੇ ਤੁਰੰਤ ਕਿਹਾ ਕਿ ਟੇਪ ਜਾਅਲੀ ਹੈ ਤੇ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨੂੰ ਮਰਿਆਦਾ ਮਤੇ ਅਤੇ ਬਰਖਾਸਤਗੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਕਾਂਗਰਸ ਦੇ ਪ੍ਰਧਾਨ ਰਾਹੁਲ ਗਾਂਧੀ ਨੇ ਲੋਕ ਸਭਾ ਵਿੱਚ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪਾਰਲੀਮੈਂਟ ਵਿੱਚ ਉੱਠੇ ਸਵਾਲਾਂ ਦਾ ਸਾਹਮਣਾ ਕਰਨ ਦੀ ਹਿੰਮਤ ਨਹੀਂ। ਖਜ਼ਾਨਾ ਮੰਤਰੀ ਅਰੁਣ ਜੇਤਲੀ ਨੇ ਰਾਹੁਲ ਗਾਂਧੀ ਉੱਤੇ ਝੂਠ ਬੋਲਣ ਦਾ ਦੋਸ਼ ਲਾਇਆ। ਰਾਹੁਲ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਉੱਤੇ ਹਮਲਾ ਕਰਦੇ ਹੋਏ ਕਿਹਾ ਕਿ ਗੋਆ ਦਾ ਮੁੱਖ ਮੰਤਰੀ ਮਨੋਹਰ ਪਰਿਕਰ 58 ਹਜ਼ਾਰ ਕਰੋੜ ਰੁਪਏ ਦੇ ਇਸ ਸੌਦੇ ਦੀ ਫਾਈਲ ਆਪਣੇ ਕੋਲ ਰੱਖ ਕੇ ਮੋਦੀ ਨੂੰ ਬਲੈਕਮੇਲ ਕਰ ਰਿਹਾ ਹੈ। ਗੋਆ ਦੇ ਮੰਤਰੀ ਵਿਸ਼ਵਜੀਤ ਰਾਣੇ ਦੀ ਗੱਲਬਾਤ ਦੀ ਇਕ ਆਡੀਓ ਟੇਪ ਦਾ ਹਵਾਲਾ ਦੇ ਕੇ ਰਾਹੁਲ ਗਾਂਧੀ ਨੇ ਕਿਹਾ ਕਿ ਉਹ ਇਹ ਕਹਿੰਦੇ ਸਾਫ਼ ਸੁਣੇ ਜਾ ਸਕਦੇ ਹਨ ਕਿ ਪਰਿਕਰ ਨੇ ਆਪਣੀ ਕੈਬਨਿਟ ਮੀਟਿੰਗ ਵਿਚ ਦੱਸਿਆ ਸੀ ਕਿ ਰਾਫ਼ਾਲ ਸੌਦੇ ਦੇ ਸਾਰੇ ਦਸਤਾਵੇਜ਼ ਉਨ੍ਹਾਂ ਕੋਲ ਹਨ। ਉਨ੍ਹਾਂ ਕਿਹਾ ਕਿ ਇਹ ਆਡੀਓ ਟੇਪ ਬਿਲਕੁਲ ਸਹੀ ਹੈ। ਰਾਹੁਲ ਨੇ ਇਹ ਵੀ ਇਸ਼ਾਰਾ ਕੀਤਾ ਕਿ ਇਹ ਆਖਰੀ ਟੇਪ ਨਹੀਂ। ਇਸ ਬਾਰੇ ਪ੍ਰਧਾਨ ਮੰਤਰੀ ਤੋਂ ਜਵਾਬ ਮੰਗਦੇ ਹੋਏ ਰਾਹੁਲ ਗਾਂਧੀ ਨੇ ਪੁੱਛਿਆ ਕਿ ਕੀ ਇਸੇ ਲਈ ਸਾਂਝੀ ਪਾਰਲੀਮੈਂਟਰੀ ਕਮੇਟੀ ਦੀ ਜਾਂਚ ਦਾ ਹੁਕਮ ਨਹੀਂ ਦਿੱਤਾ ਜਾ ਰਿਹਾ।

ਲੋਕ ਸਭਾ ਦੀ ਬਹਿਸ ਤੋਂ ਬਾਅਦ ਪ੍ਰੈਸ ਕਾਨਫਰੰਸ ਵਿੱਚ ਰਾਹੁਲ ਗਾਂਧੀ ਨੇ ਕਿਹਾ, 'ਗੋਆ ਦਾ ਮੰਤਰੀ ਸਾਫ਼ ਕਹਿ ਰਿਹਾ ਹੈ ਕਿ ਪਰਿਕਰ ਜੀ ਨੇ ਕੈਬਨਿਟ ਮੀਟਿੰਗ ਵਿਚ ਕਿਹਾ ਸੀ ਕਿ ਰਾਫ਼ਾਲ ਸੌਦੇ ਦੀ ਪੂਰੀ ਫਾਈਲ ਉਨ੍ਹਾਂ ਕੋਲ ਹੈ ਜਿਸ ਵਿਚ ਸਾਰੇ ਵੇਰਵੇ ਹਨ, ਉਨ੍ਹਾਂ ਨੂੰ ਛੇੜਿਆ ਨਹੀਂ ਜਾ ਸਕਦਾ। ਏਦਾਂ ਦੀਆਂ ਹੋਰ ਟੇਪਾਂ ਵੀ ਹੋ ਸਕਦੀਆਂ ਹਨ।' ਕਾਂਗਰਸ ਦੇ ਬੁਲਾਰੇ ਰਣਦੀਪ ਸੁਰ-ਜੇਵਾਲਾ ਨੇ ਗੋਆ ਦੇ ਮੰਤਰੀ ਵਿਸ਼ਵਜੀਤ ਰਾਣੇ ਦੀ ਇਕ ਵਿਅਕਤੀ ਨਾਲ ਗੱਲਬਾਤ ਦੀ ਆਡੀਓ ਟੇਪ ਜਾਰੀ ਕੀਤੀ ਹੈ, ਜਿਸ ਵਿਚ ਉਹ ਕਹਿ ਰਹੇ ਹਨ ਕਿ ਪਿਛਲੇ ਹਫ਼ਤੇ ਕੈਬਨਿਟ ਮੀਟਿੰਗ ਵਿਚ ਪਰਿਕਰ ਨੇ ਕਿਹਾ ਸੀ ਕਿ ਰਾਫ਼ਾਲ ਸੌਦੇ ਦੀ ਸਮੁੱਚੀ ਫਾਈਲ ਉਨ੍ਹਾਂ ਦੇ ਬੈੱਡਰੂਮ ਵਿਚ ਹੈ।

ਉਂਜ ਸਦਨ ਅੰਦਰ ਦੋਵੇਂ ਧਿਰਾਂ ਨੇ ਇੱਕ ਦੂਸਰੀ ਧਿਰ ਦੇ ਆਗੂ ਦੇ ਭਾਸ਼ਣ ਵੇਲੇ ਵਾਰ-ਵਾਰ ਅੜਿੱਕੇ ਡਾਹੇ, ਜਿਸ ਕਾਰਨ ਸਦਨ ਦੀ ਕਾਰਵਾਈ ਵਾਰ-ਵਾਰ ਰੋਕੀ ਗਈ। ਰੌਲੇ-ਰੱਪੇ ਵਿੱਚ ਤਿੰਨ ਕੁ ਘੰਟੇ ਚੱਲੀ ਬਹਿਸ ਓਦੋਂ ਖਤਮ ਹੋ ਗਈ, ਜਦੋਂ ਸਪੀਕਰ ਸੁਮਿਤਰਾ ਮਹਾਜਨ ਨੇ ਆਪਣੇ ਟੇਬਲ ਅੱਗੇ ਨਾਅਰੇਬਾਜ਼ੀ ਕਰਦੇ ਅੰਨਾ ਡੀ ਐੱਮ ਕੇ ਪਾਰਟੀ ਦੇ 24 ਮੈਂਬਰਾਂ ਨੂੰ ਸੈਸ਼ਨ ਦੇ ਰਹਿੰਦੇ ਪੰਜ ਦਿਨਾਂ ਲਈ ਸਸਪੈਂਡ ਕਰ ਦਿੱਤਾ।

ਇਸ ਦੌਰਾਨ ਅੱਜ ਮੋਦੀ ਸਰਕਾਰ ਦੀ ਓਦੋਂ ਹੋਰ ਬੇਇੱਜ਼ਤੀ ਹੋ ਗਈ, ਜਦੋਂ ਇਸ ਦੇ ਗੱਠਜੋੜ ਵਿੱਚ ਸ਼ਾਮਲ ਸ਼ਿਵ ਸੈਨਾ ਨੇ ਰਾਫ਼ਾਲ ਜਹਾਜ਼ ਸੌਦੇ ਬਾਰੇ ਸਾਂਝੀ ਪਾਰਲੀਮੈਂਟਰੀ ਕਮੇਟੀ (ਜੇ ਪੀ ਸੀ) ਤੋਂ ਜਾਂਚ ਕਰਾਉਣ ਦੀ ਮੰਗ ਦਾ ਪੱਖ ਲੈਂਦੇ ਹੋਏ ਕਹਿ ਦਿੱਤਾ ਕਿ ਲੋਕ ਕਹਿੰਦੇ ਹਨ ਕਿ ਜਹਾਜ਼ ਠੀਕ ਹੈ, ਸੌਦਾ ਬੜਾ ਖਰਾਬ ਹੈ। ਖ਼ਜ਼ਾਨਾ ਮੰਤਰੀ ਜੇਤਲੀ ਨੇ ਕਿਹਾ ਕਿ ਕਾਂਗਰਸ ਨੂੰ ਆਪਣੇ ਰਾਜ ਵੇਲੇ ਦੇ ਫੌਜੀ ਸੌਦਿਆਂ ਦੇ ਘਪਲੇ ਭੁੱਲ ਗਏ ਹਨ। ਉਨ੍ਹਾਂ ਸਾਂਝੀ ਪਾਰਲੀਮੈਂਟਰੀ ਕਮੇਟੀ ਤੋਂ ਜਾਂਚ ਕਰਾਉਣ ਦੀ ਮੰਗ ਰੱਦ ਕਰ ਕੇ ਕਿਹਾ ਕਿ ਸੁਪਰੀਮ ਕੋਰਟ ਨੇ ਰਾਫ਼ਾਲ ਸੌਦੇ ਉੱਤੇ ਤਸੱਲੀ ਪ੍ਰਗਟ ਕੀਤੀ ਹੈ। ਉਨ੍ਹਾਂ ਕਿਹਾ ਕਿ ਬੋਫ਼ੋਰਜ਼ ਤੋਪ ਸੌਦੇ ਵੇਲੇ ਸਾਂਝੀ ਪਾਰਲੀਮੈਂਟਰੀ ਕਮੇਟੀ ਨੇ ਸਰਕਾਰ ਨੂੰ ਕਲੀਨ ਚਿੱਟ ਦੇ ਦਿੱਤੀ ਸੀ। ਉਨ੍ਹਾਂ ਕਾਂਗਰਸ ਨੂੰ ਛੇੜਨ ਲਈ ਕ੍ਰਿਸਟੀਅਨ ਮਿਸ਼ੇਲ ਅਤੇ ਓਤਾਵੀਓ ਕੁਆਤਰੋਚੀ ਦੇ ਨਾਂਅ ਲੈ ਕੇ ਕਿਹਾ ਕਿ ਕਾਂਗਰਸ ਦੀ ਕਮਾਨ ਬੜੇ ਵੱਡੇ ਆਗੂਆਂ ਦੇ ਹੱਥ ਰਹੀ ਹੈ, ਪਰ ਮੌਜੂਦਾ ਪ੍ਰਧਾਨ ਰਾਹੁਲ ਗਾਂਧੀ ਨੂੰ ਜਹਾਜ਼ਾਂ ਦੀ ਸਮਝ ਹੀ ਨਹੀਂ। ਰਾਹੁਲ ਉੱਤੇ ਚੋਭ ਲਾਉਂਦੇ ਹੋਏ ਅਰੁਣ ਜੇਤਲੀ ਨੇ ਕਿਹਾ ਕਿ ਇਕ ਆਮ ਹਵਾਈ ਜਹਾਜ਼ ਦੀ ਕੀਮਤ ਦੀ ਹਥਿਆਰਾਂ ਨਾਲ ਲੈਸ ਜਹਾਜ਼ ਨਾਲ ਤੁਲਨਾ ਕਰਨਾ ਮੂਰਖਤਾ ਹੈ। ਉਨ੍ਹਾ ਨੇ ਕਈ ਟਵੀਟ ਜਾਰੀ ਕਰ ਕੇ ਕਿਹਾ, 'ਉਹ ਕਿੰਨਾ ਜਾਣਦਾ ਹੈ? ਉਹ ਕਦੋਂ ਜਾਣੇਗਾ?' ਰਾਹੁਲ ਗਾਂਧੀ ਨੇ ਲੋਕ ਸਭਾ ਵਿਚ ਸਵਾਲ ਉਠਾਇਆ ਸੀ ਕਿ ਰਾਫ਼ਾਲ ਜਹਾਜ਼ ਦੀ ਕੀਮਤ 526 ਕਰੋੜ ਰੁਪਏ ਤੋਂ ਵਧ ਕੇ 1600 ਕਰੋੜ ਰੁਪਏ ਕਿਵੇਂ ਹੋ ਗਈ। ਜੇਤਲੀ ਨੇ ਕਿਹਾ, 'ਕੋਈ ਮੂਰਖ ਵੀ ਇਕ ਸਾਧਾਰਨ ਹਵਾਈ ਜਹਾਜ਼ ਅਤੇ ਹਥਿਆਰਾਂ ਨਾਲ ਲੈਸ ਜਹਾਜ਼ ਦੀ ਤੁਲਨਾ ਨਹੀਂ ਕਰੇਗਾ।' ਉਨ੍ਹਾਂ ਕਿਹਾ ਕਿ ਕਾਂਗਰਸੀ ਅਗਵਾਈ ਵਾਲੀ ਸਰਕਾਰ ਵਲੋਂ ਕੀਤੀ ਪੇਸ਼ਕਸ਼ ਵਿਚ ਵੀ ਦੋ ਕੀਮਤਾਂ ਦਰਜ ਸਨ; ਇਕ ਸਧਾਰਨ ਹਵਾਈ ਜਹਾਜ਼ ਲਈ ਤੇ ਦੂਜੀ ਹਥਿਆਰਾਂ ਨਾਲ ਲੈਸ ਜਹਾਜ਼ ਲਈ।'

# ਰਾਜੀਵ ਗਾਂਧੀ ਦਾ ਬੁੱਤ ਪੱਗ ਨਾਲ ਸਾਫ ਕਰਨ ਵਾਲੇ ਕਾਂਗਰਸੀ ਨੇ ਮੁਆਫੀ ਮੰਗੀ



ਲੁਧਿਆਣਾ, 2 ਜਨਵਰੀ, (ਪੋਸਟ ਬਿਊਰੋ)- ਰਾਜੀਵ ਗਾਂਧੀ ਦੇ ਬੁੱਤ ਨੂੰ ਅਕਾਲੀ ਦਲ ਦੇ ਯੂਥ ਵਰਕਰਾਂ ਵਲੋਂ ਕਾਲਖ ਮਲ ਦੇਣ ਪਿੱਛੋਂ ਪੱਗ ਨਾਲ ਸਾਫ ਕਰਨ ਵਾਲੇ ਕਾਂਗਰਸੀ ਆਗੂ ਗੁਰਸਿਮਰਨ ਸਿੰਘ ਮੰਡ ਨੇ ਮੁਆਫੀ ਮੰਗੀ ਹੈ।

ਇਸ ਬਾਰੇ ਗੁਰਸਿਮਰਨ ਸਿੰਘ ਮੰਡ ਨੇ ਕਿਹਾ ਕਿ ਮੈਨੂੰ ਮੇਰੀ ਗਲਤੀ ਦਾ ਅਹਿਸਾਸ ਹੋ ਗਿਆ ਹੈ, ਦਸਤਾਰ ਨਾਲ ਮੈਨੂੰ ਇਹ ਨਹੀਂ ਕਰਨਾ ਚਾਹੀਦਾ ਸੀ। ਮੈਂ ਪੂਰੇ ਸਿੱਖ ਸਮਾਜ ਤੋਂ ਮੁਆਫੀ ਮੰਗਦਾ ਹਾਂ। ਮੈਂ ਏਦਾਂ ਜਾਣ ਬੁਝ ਕੇ ਨਹੀਂ ਕੀਤਾ ਸੀ, ਅਣਜਾਣੇ ਵਿੱਚ ਇਹ ਭੁੱਲ ਹੋਈ ਹੈ, ਮੇਰਾ ਮਕਸਦ ਕਿਸੇ ਦੇ ਦਿਲ ਨੂੰ ਠੇਸ ਪੁਚਾਉਣਾ ਨਹੀਂ ਸੀ। ਮੰਡ ਨੇ ਮੰਗ ਕੀਤੀ ਹੈ ਕਿ ਮੇਰੇ ਵਾਂਗ ਉਹ ਯੂਥ ਅਕਾਲੀ ਵਰਕਰ ਵੀ ਗਾਂਧੀ ਪਰਿਵਾਰ ਤੋਂ ਮੁਆਫੀ ਮੰਗਣ, ਜਿਨ੍ਹਾਂ ਨੇ ਸਾਬਕਾ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੇ ਬੁੱਤ ਉੱਤੇ ਕਾਲਖ ਮਲਣ ਦੀ ਗਲਤੀ ਕੀਤੀ ਸੀ।

ਵਰਨਣ ਯੋਗ ਹੈ ਕਿ ਬੀਤੇ ਹਫਤੇ ਅਕਾਲੀ ਦਲ ਨਾਲ ਸੰਬੰਧਤ ਦੋ ਵਰਕਰਾਂ ਨੇ ਲੁਧਿਆਣਾ ਵਿੱਚ ਰਾਜੀਵ ਗਾਂਧੀ ਦੇ ਬੁੱਤ ਉੱਤੇ ਕਾਲਖ ਮਲ ਦਿੱਤੀ ਸੀ ਤਾਂ ਇਸ ਪਿੱਛੋਂ ਕਾਂਗਰਸੀ ਆਗੂ ਮੰਡ ਨੇ ਬੁੱਤ ਤੋਂ ਕਾਲਖ ਆਪਣੀ ਦਸਤਾਰ ਨਾਲ ਸਾਫ ਕਰ ਦਿੱਤੀ ਸੀ। ਦਸਤਾਰ ਨਾਲ ਬੁੱਤ ਦੀ ਸਫਾਈ ਕਾਰਨ ਇਹ ਮਾਮਲਾ ਲਗਾਤਾਰ ਤੂਲ ਫੜਦਾ ਜਾ ਰਿਹਾ ਸੀ।

# ਭੜਕੀ ਭੀੜ ਨੇ ਹੈੱਡ ਕਾਂਸਟੇਬਲ ਕੁੱਟ ਕੁੱਟ ਕੇ ਮਾਰ ਦਿੱਤਾ

ਗਾਜ਼ੀਪੁਰ, 2 ਜਨਵਰੀ, (ਪੋਸਟ ਬਿਊਰੋ)- ਉੱਤਰ ਪ੍ਰਦੇਸ਼ ਦੇ ਗਾਜ਼ੀਪੁਰ ਵਿੱਚ ਰਾਖਵੇਂਕਰਨ ਦੀ ਮੰਗ ਕਰਨ ਵਾਲੀ ਭੀੜ ਨੇ ਕੱਲ੍ਹ ਹੈੱਡ ਕਾਂਸਟੇਬਲ ਨੂੰ ਕੁੱਟ ਕੁੱਟ ਕੇ ਮਾਰ ਦਿੱਤਾ। ਉਹ ਨਿਸ਼ਾਦ ਪਾਰਟੀ ਦੇ ਵਰਕਰਾਂ ਵੱਲੋਂ ਲਾਇਆ ਸੜਕ ਜਾਮ ਨੂੰ ਹਟਾਉਣ ਗਏ ਸਨ। ਹੈੱਡ ਕਾਂਸਟੇਬਲ ਦਾ ਨਾਂਅ ਸੁਰੇਸ਼ ਪ੍ਰਤਾਪ ਵਤਸ (48) ਸੀ, ਜੋ ਜ਼ਿਲ੍ਹੇ ਦੇ ਕਰੀਮੁਦੀਨ ਥਾਣੇ ਵਿੱਚ ਤੈਨਾਤ ਸਨ। ਡੀ ਐੱਮ ਅਤੇ ਐੱਸ ਪੀ ਮੌਕੇ ਉੱਤੇ ਪੁੱਜੇ ਤਾਂ ਦੋਸ਼ੀ ਭੱਜ ਗਏ। ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ਹੈੱਡ ਕਾਂਸਟੇਬਲ ਦੀ ਹੱਤਿਆ 'ਤੇ ਡੂੰਘੇ ਅਫਸੋਸ ਪ੍ਰਗਟ ਕਰਦੇ ਹੋਏ ਉਸ ਹੈੱਡ ਕਾਂਸਟੇਬਲ ਦੀ ਪਤਨੀ ਨੂੰ ਚਾਲੀ ਲੱਖ ਰੁਪਿਆ ਤੇ ਉਸ ਦੇ ਮਾਤਾ-ਪਿਤਾ ਨੂੰ 10 ਲੱਖ ਰੁਪਏ ਦੀ ਆਰਥਿਕ ਮਦਦ ਦਾ ਐਲਾਨ ਵੀ ਕੀਤਾ ਹੈ।

ਮਿਲੀ ਜਾਣਕਾਰੀ ਅਨੁਸਾਰ ਰਾਖਵੇਂਕਰਨ ਦੀ ਮੰਗ ਲਈ ਨਿਸ਼ਾਦ ਪਾਰਟੀ ਦੇ ਵਰਕਰ ਜ਼ਿਲ੍ਹਾ ਹੈੱਡ ਕੁਆਰਟਰ 'ਤੇ ਧਰਨਾ ਦੇਣ ਆ ਰਹੇ ਸਨ। ਪ੍ਰਧਾਨ ਮੰਤਰੀ ਦੇ ਪ੍ਰੋਗਰਾਮ ਕਾਰਨ ਉਨ੍ਹਾਂ ਨੂੰ ਪੁਲਸ ਨੇ ਥਾਂ-ਥਾਂ ਰੋਕ ਦਿੱਤਾ। ਇਸ ਤੋਂ ਨਾਰਾਜ਼ ਵਰਕਰ ਸੈਦਪੁਰ, ਕਰੰਡਾ ਥਾਣਾ ਖੇਤਰ ਦੇ ਭਟੌਲੀ ਤੇ ਨੋਨਹਰਾ ਖੇਤਰ ਦੇ ਕਠਵਾਮੋੜ ਮੰਗਈ ਨਦੀ ਦੇ ਪੁਲ 'ਤੇ ਧਰਨੇ ਲਾ ਕੇ ਬੈਠ ਗਏ। ਸ਼ਾਮ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸਭਾ ਸਮਾਪਤ ਹੋਈ ਅਤੇ ਪ੍ਰੋਗਰਾਮ 'ਚ ਆਏ ਲੋਕ ਮੁੜਨ ਲੱਗੇ ਤਾਂ ਕਠਵਾਮੋੜ ਕੋਲ ਇਨ੍ਹਾਂ ਵਰਕਰਾਂ ਨੇ ਗਾਜ਼ੀਪੁਰ-ਮੁਹੰਮਦਾਬਾਦ ਮਾਰਗ 'ਤੇ ਜਾਮ ਲਾ ਦਿੱਤਾ। ਜਾਮ ਖੋਲ੍ਹਣ ਲਈ ਡਿਊਟੀ ਤੋਂ ਥਾਣੇ ਮੁੜ ਰਹੇ ਥਾਣਾ ਮੁਖੀ ਕਰੀਮੁਦੀਨ ਨੂੰ ਹੁਕਮ ਦਿੱਤਾ ਗਿਆ। ਉਹ ਪੁਲਸ ਮੁਲਾਜ਼ਮਾਂ ਨਾਲ ਜਾਮ ਖੁੱਲ੍ਹਵਾਉਣ ਮੌਕੇ ਉਤੇ ਪੁੱਜੇ ਤੇ ਵਰਕਰਾਂ ਨੂੰ ਸਮਝਾਉਣ ਲੱਗੇ। ਇਸੇ ਦੌਰਾਨ ਵਰਕਰ ਭੜਕ ਕੇ ਪਥਰਾਅ ਕਰਨ ਲੱਗੇ, ਜਿਸ ਨਾਲ ਭਾਜੜ ਮਚ ਗਈ। ਇਸ ਮੌਕੇ ਨਿਸ਼ਾਦ ਪਾਰਟੀ ਦੇ ਵਰਕਰਾਂ ਨੇ ਕਰੀਮੁਦੀਨ ਥਾਣੇ ਵਿੱਚ ਲੱਗੇ ਹੋਏ ਪ੍ਰਤਾਪਗੜ੍ਹ ਜ਼ਿਲ੍ਹੇ ਦੇ ਲੱਛੀਪੁਰ ਪਿੰਡ ਦੇ ਹੈੱਡ ਕਾਂਸਟੇਬਲ ਸੁਰੇਸ਼ ਪ੍ਰਤਾਪ ਵਤਸ ਨੂੰ ਦਬੋਚ ਲਿਆ ਤੇ ਬੁਰੀ ਤਰ੍ਹਾਂ ਕੁੱਟਿਆ। ਸਿਰ 'ਚ ਸੱਟ ਲੱਗਣ ਕਾਰਨ ਉਹ ਮੌਕੇ 'ਤੇ ਬੇਹੋਸ਼ ਹੋ ਗਏ। ਪੁਲਸ ਮੁਲਾਜ਼ਮਾਂ ਨੇ ਹਮਲਾਵਰਾਂ ਨੂੰ ਖਦੇੜ ਕੇ ਸੁਰੇਸ਼ ਨੂੰ ਛੁਡਵਾਇਆ। ਲਹੂ-ਲੁਹਾਨ ਹੋਏ ਸੁਰੇਸ਼ ਨੂੰ ਹਸਪਤਾਲ ਲਿਜਾਇਆ ਗਿਆ ਜਿੱਥੇ ਡਾਕਟਰਾਂ ਨੇ ਉਨ੍ਹਾਂ ਨੂੰ ਮ੍ਰਿਤਕ ਐਲਾਨ ਦਿੱਤਾ।

# ਰਾਫ਼ਾਲ ਸੌਦੇ ਬਾਰੇ ਅਦਾਲਤੀ ਫੈਸਲੇ ਦੀ ਮੁੜ ਵਿਚਾਰ ਲਈ ਕੋਰਟ ਨੂੰ ਨਵੀਂ ਅਰਜ਼ੀ ਪੇਸ਼

ਨਵੀਂ ਦਿੱਲੀ, 2 ਜਨਵਰੀ, (ਪੋਸਟ ਬਿਊਰੋ)- ਦੋ ਸਾਬਕਾ ਕੇਂਦਰੀ ਮੰਤਰੀ ਯਸ਼ਵੰਤ ਸਿਨਹਾ ਤੇ ਅਰੁਣ ਸ਼ੋਰੀ ਤੇ ਸੀਨੀਅਰ ਐਡਵੋਕੇਟ ਪ੍ਰਸ਼ਾਂਤ ਭੂਸ਼ਨ ਦੀ ਤਿੱਕੜੀ ਅੱਜ ਸੁਪਰੀਮ ਕੋਰਟ ਵਿੱਚ ਰਾਫ਼ਾਲ ਖਰੀਦ ਕੇਸ ਵਿੱਚ ਇਸ ਅਦਾਲਤ ਦੇ ਫੈਸਲੇ ਉੱਤੇ ਮੁੜ ਵਿਚਾਰ ਲਈ ਪਹੁੰਚ ਗਈ ਹੈ। ਵਰਨਣ ਯੋਗ ਹੈ ਕਿ ਕੋਰਟ ਨੇ 14 ਦਸੰਬਰ ਨੂੰ ਇਸ ਕੇਸ ਬਾਰੇ ਫੈਸਲੇ ਵਿੱਚ ਫਰਾਂਸ ਤੋਂ 36 ਰਾਫ਼ਾਲ ਜੰਗੀ ਜਹਾਜ਼ਾਂ ਦੀ ਖਰੀਦ ਵਿੱਚ ਬੇਨਿਯਮੀਆਂ ਹੋਣ ਦਾ ਦਾਅਵਾ ਕਰ ਰਹੀਆਂ ਸਾਰੀਆਂ ਪਟੀਸ਼ਨਾਂ ਰੱਦ ਕਰ ਦਿੱਤੀਆਂ ਸਨ। ਉਸ ਫੈਸਲੇ ਦੀ ਮੁੜ ਵਿਚਾਰ ਦੀ ਬੇਨਤੀ ਕੀਤੀ ਗਈ ਹੈ।

ਭਾਜਪਾ ਤੋਂ ਵੱਖ ਹੋ ਚੁੱਕੇ ਦੋ ਸਾਬਕਾ ਮੰਤਰੀਆਂ ਯਸ਼ਵੰਤ ਸਿਨਹਾ, ਅਰੁਣ ਸ਼ੋਰੀ ਅਤੇ ਸੀਨੀਅਰ ਵਕੀਲ ਪ੍ਰਸ਼ਾਂਤ ਭੂਸ਼ਨ ਨੇ ਨਵੀਂ ਪਟੀਸ਼ਨ ਵਿੱਚ ਕਿਹਾ ਹੈ ਕਿ ਸੁਪਰੀਮ ਕੋਰਟ ਦਾ ਫੈਸਲਾ ਸਾਫ ਤੌਰ ਉੱਤੇ ਸਰਕਾਰ ਦੇ ਝੂਠੇ ਦਾਅਵਿਆਂ ਉੱਤੇ ਨਿਰਭਰ ਕਰਦਾ ਸੀ, ਜੋ ਸਰਕਾਰ ਨੇ ਬਿਨਾਂ ਦਸਖਤਾਂ ਵਾਲੇ ਨੋਟ ਵਿੱਚ ਪੇਸ਼ ਕੀਤਾ ਸੀ। ਇਹ ਨੋਟ ਸੀਲਬੰਦ ਲਿਫ਼ਾਫੇ ਵਿੱਚ ਅਦਾਲਤ ਨੂੰ ਦਿੱਤਾ ਗਿਆ ਸੀ। ਪਟੀਸ਼ਨਰਾਂ ਦਾ ਦਾਅਵਾ ਹੈ ਕਿ ਸਰਕਾਰ ਨੇ ਨੋਟ ਵਿੱਚ ਜਿਹੜੇ ਦਾਅਵੇ ਕੀਤੇ, ਉਨ੍ਹਾਂ ਬਾਰੇ ਪੱਖ ਰੱਖਣ ਦਾ ਉਨ੍ਹਾਂ ਨੂੰ ਮੌਕਾ ਨਹੀਂ ਦਿੱਤਾ ਗਿਆ, ਇਸ ਲਈ ਉਨ੍ਹਾਂ ਨੂੰ ਪੂਰਾ ਨਿਆਂ ਨਹੀਂ ਮਿਲ ਸਕਿਆ।

# ਸ੍ਰੀ ਅਖੰਡ ਪਾਠ ਸਾਹਿਬ ਭਲਕ ਤੋਂ

ਬਠਿੰਡੇ ਜ਼ਿਲ੍ਹੇ ਦੇ ਸਾਰੇ ਪਰਿਵਾਰਾ ਵੱਲੋ ਰਲ ਮਿਲਕੇ ਨਵੇਂ ਸਾਲ ਮੌਕੇ ਖੁਸ਼ੀ ਲੈਣ ਤੇ ਸਾਰੇ ਪਰਿਵਾਰ ਸੁੱਖ ਸ਼ਾਨਤੀ ਤੇ ਚੜ੍ਹਦੀ ਕਲਾ-ਲਈ ਸ੍ਰੀ ਅਖੰਡ ਪਾਠ ਸਾਹਿਬ ਡਿਕਸੀ ਗੁਰੂ ਘਰ ਵਿਖੇ ਕਰਵਾਏ ਜਾ ਰਹੇ ਹਨ । ਸੋ ਤੁਹਾਨੂੰ ਸਾਰੇ ਨੂੰ ਪਰਿਵਾਰਾਂ ਸਮੇਤ ਪਹੁੰਚਣ ਦੀ ਬੇਨਤੀ ਕੀਤੀ ਜਾਦੀ ਹੈ। ਤਿੱਨੇ ਦਿਨ ਜੋ ਵੀ ਪਰਿਵਾਰ ਸਮੇ 'ਚਾਂ ਸਮਾਂ ਕੱਡਕੇ ਸੇਵਾ ਕਰਵਾ ਸਕਦੇ ਨੇ ਦਿੱਲੋ ਧੰਨਵਾਦੀ ਹੋਵਾਂਗੇ। ਸਮਾਂ ਤੇ ਸਥਾਨ ਹੇਠਾਂ ਲਿਖੇ ਅਨੁਸਾਰ ਹੈ---------

ਸਥਾਨ ---ਡਿਕਸੀ ਗੁਰੂ ਘਰ
ਤਰੀਕ -- 4-5-6 ਜਨਵਰੀ 2019
4 ਜਨਵਰੀ ਸਵੇਰੇ 9 ਵਜੇ ਸ੍ਰੀ ਅਖੰਡ ਸਾਹਿਬ ਪ੍ਰਕਾਸ਼
ਰੂਮ ਨੰਬਰ--103
ਭੋਗ ਤੇ ਸਮਾਪਤੀ -- ਮੇਨ ਹਾਲ
ਹੋਰ ਕੋਈ ਜਾਣਕਾਰੀ ਲੈਣ ਲਈ ਹੇਠ ਲਿਖੇ ਨੰਬਰਾ ਤੇ ਸੰਪਰਕ ਕੀਤਾ ਜਾ ਸਕਦਾ ਹੈ।
ਸੁੱਖਪਾਲ ਪੂਹਲੀ-416-970-9431
ਪ੍ਰੀਤ ਸਿੱਧੂ -647-300-3515, ਖੋਸਾ ਬਾਈ ਜਲਾਲ-647-938-0004, ਜਸਵਿੰਦਰ ਮਲੂਕਾ-416-520-1139 ਸ਼ੁਸ਼ੀਲ ਧੀਰ 647-802-0850 ਜੱਸੀ ਭੁੱਲਰ-416-816-7427
ਗੁਰਪਿਆਰ ਡੋਡ 647-376-7514
ਸੁੱਖਚੈਨ ਸਿੰਘ -647-720-4324
ਸ਼ਿੰਦਾ ਬਾਈ 416-992-3344










## ਨਵਾਂ ਸਾਲ ਤੇ ਹੋ ਗਏ ਮਾਲਾ-ਮਾਲ

## ਨਿਊਜ਼ੀਲੈਂਡ ਲੋਟੋ 'ਚ ਨਿਕਲਿਆ 22.33 ਮਿਲੀਅਨ ਡਾਲਰ ਦਾ ਇਨਾਮ-ਨਵੇਂ ਸਾਲ ਨੇ ਵਰ੍ਹਾਇਆ ਡਾਲਰਾਂ ਦਾ ਮੀਂਹ

ਔਕਲੈਂਡ 3 ਜਨਵਰੀ (ਹਰਜਿੰਦਰ ਸਿੰਘ ਬਸਿਆਲਾ)-ਨਿਊਜ਼ੀਲੈਂਡ ਲੋਟੋ ਜਿਹੜੀ ਕਿ ਇਥੇ ਦੀ ਹਰਮਨ ਪਿਆਰੀ ਲਾਟਰੀ ਹੈ, ਦਾ ਇਸ ਵਾਰ 223 ਲੱਖ 33 ਹਜ਼ਾਰ ਤੇ 333 ਡਾਲਰ (22.33 ਮਿਲੀਅਨ) ਦਾ ਇਨਾਮ ਸੀ ਜੋ ਕਿ ਇਕ ਭਾਗਸ਼ਾਲੀ ਜੇਤੂ ਦੇ ਹਿੱਸੇ ਆਇਆ ਅਤੇ ਉਹ ਪਰਿਵਾਰ ਨਵੇਂ ਸਾਲ ਉਤੇ ਮਾਲਾ-ਮਾਲ ਹੋ ਗਿਆ। ਬੇਸ਼ਰਤ ਇਹ ਰਾਸ਼ੀ ਜੇਤੂ ਪਰਿਵਾਰ ਦੀ ਜ਼ਿੰਦਗੀ ਬਦਲ ਦੇਵੇਗੀ। ਇੰਗਲਵੁੱਡ ਬੁੱਕ ਸੈਂਟਰ ਸਟੋਰ ਤਾਰਾਨਾਕੀ ਤੋਂ ਇਹ ਟਿਕਟ ਦੀ ਵਿਕਰੀ ਹੋਈ ਸੀ। ਲੋਟੋ ਜੇਤੂਆਂ ਦੇ ਘਰ ਨਵੇਂ ਸਾਲ ਦੀ ਚੜ੍ਹਦੇ ਸਾਰ ਹੀ ਡਾਲਰਾਂ ਦਾ ਮੀਂਹ ਵਰ੍ਹ ਗਿਆ ਹੈ।

ਇਸ ਤੋਂ ਇਲਾਵਾ ਦੋ ਹੋਰ ਵੱਡੇ ਇਨਾਮ 3 ਲੱਖ 33 ਹਜ਼ਾਰ ਅਤੇ 333 ਡਾਲਰ ਪ੍ਰਤੀ ਇਨਾਮ ਵੀ ਭਾਗਸ਼ਾਲੀ ਨੂੰ ਨਿਕਲੇ। ਅਗਲੇ ਸ਼ਨੀਵਾਰ ਨਵੇਂ ਸਿਰੇ ਤੋਂ ਲੋਟੋ ਰਾਸ਼ੀ ਸੈਟ ਕੀਤੀ ਗਈ ਹੈ ਜੋ ਕਿ 4 ਮਿਲੀਅਨ ਡਾਲਰ ਹੈ।

## ਸ਼ੋਕ ਸਮਾਚਾਰ

### ਸ. ਜੀਵਨ ਸਿੰਘ ਰਾਠ ਸਵਰਗਵਾਸ



ਆਪ ਜੀ ਨੂੰ ਬਹੁਤ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਪਿਛਲੇ ਐਤਵਾਰ 30 ਦਿਸੰਬਰ ਨੂੰ ਸਰਦਾਰ ਜੀਵਨ ਸਿੰਘ ਰਾਠ ਅਚਾਨਕ,ਅਕਾਲ ਚਲਾਣਾ ਕਰ ਗਏ ਹਨ।ਉਹਨਾਂ ਦਾ ਪਿਛੋਕੜ ਪਿੰਡ ਨੋਖਰਵਾਲ,ਜਿਲ੍ਹਾ ਨਵਾਂ ਸ਼ਹਿਰ ਤੋਂ ਹੈ। ਉਹਨਾਂ ਦੀ ਪਤਨੀਂ, ਦੋ ਬਚਿੱਆਂ,ਸਕੇ-ਸੰਬਧੀਆਂ,ਯਾਰਾਂ-ਦੋਸਤਾਂ ਅਤੇ ਸਾਰੀ ਕਮਿਉਨਿਟੀ ਨੂੰ ਉਹਨਾਂ ਦੇ ਇਸ ਅਚਨਚੇਤ ਵਿਛੋੜੇ ਦਾ ਬਹੁਤ ਗਹਿਰਾ ਸਦਮਾਂ ਪਹੁੰਚਾ ਹੈ।1980 ਵਿੱਚ ਇੰਡੀਆਂ ਤੋਂ ਕਨੇਡਾ ਆਏ ਸਰਦਾਰ ਜੀਵਨ ਸਿੰਘ ਰਾਠ ਨੂੰ ਭਾਰਤ ਤੋਂ ਹੀ ਕਮਿਉਨਿਟੀ ਗਤੀਵਿਧੀਆਂ ਵਿੱਚ ਹਿੱਸਾ ਲੈਣ ਦਾ ਬਹੁਤ ਸ਼ੌਂਕ ਸੀ ਜਿਸਨੂੰ ਉਹਨਾਂ ਨੇਂ ਕਨੇਡਾ ਵਿੱਚ ਰਹਿੰਦਿਆਂ ਬਖੂਬੀ ਜਾਰੀ ਰਖਿੱਆ।ਉਹ ਬਹੁਤ ਦ੍ਰਿੜ੍ਹ-ਨਿਸ਼ਚੇ ਵਾਲੇ,ਅਗਾਉਂ ਵਧੂ ਸੋਚ ਦੇ ਮਾਲਕ ਅਤੇ ਸਮਝਦਾਰ,ਸੁਲਝੇ ਹੋਏ ਕਮਿਉਨਿਟੀ ਲੀਡਰ ਸਨ।ਉਹਨਾਂ ਦਾ ਅੰਤਿਮ ਸੰਸਕਾਰ 30 ਬਰੈਮਵਿਨ ਕੋਰਟ ਬਰੈਂਪਟਨ ਵਿਖੇ 9 ਜਨਵਰੀ ਦਿਨ ਬੁੱਧਵਾਰ ਨੂੰ 11 ਤੋਂ 2 ਵਜੇ ਤੱਕ ਕੀਤਾ ਜਾਵੇਗਾ ਅਤੇ ਅੰਤਿਮ ਅਰਦਾਸ ਤੇ ਨਮਿਤ ਰੱਖੇ ਪਾਠ ਦੇ ਭੋਗ 2:30 ਤੋਂ 5 ਵਜੇ ਤੱਕ, 47 ਬੇਅਵੁੱਡ ਰੋਡ ਈਟੋਬੀਕੋਕ ਰੈਕਸਡੇਲ ਸਿੰਘ ਸਭਾ ਰੀਲੀਜੀਅਸ ਸੈਂਟਰ ਗੁਰੂਦੁਆਰਾ ਸਾਹਿਬ ਵਿਖੇ ਪਾਏ ਜਾ ਰਹੇ ਹਨ।ਪਰਿਵਾਰ ਨਾਲ,ਦੁੱਖ ਸਾਂਝਾ ਕਰਨ ਲਈ ਘਰ ਦਾ ਨੰਬਰ 416 746 6522 ਜਗਜੀਤ ਸਿੰਘ 416 858 8730, ਸੋਹਣ ਚੁੰਬਰ 416 953 1049,ਰਾਮ ਚੁੰਬਰ 416 564 9974 ਜਸਵਿੰਦਰ ਸਿੰਘ 416 624 5605,ਮਨਜੀਤ ਸਿੰਘ 647 701 5273 ਨਾਲ ਸੰਪਰਕ ਕੀਤਾ ਜਾ ਸਕਦਾ ਹੈ। (ਦੇਵ ਝੱਮਟ)

## ਅਕਤੂਬਰ ਮਹੀਨੇ ਦੌਰਾਨ ਕੈਨੇਡਾ 'ਚ 43 ਮਿਲੀਅਨ ਡਾਲਰ ਦਾ ਕਾਰੋਬਾਰ ਹੋਇਆ



ਕੈਲਗਰੀ(ਹਰਬੰਸ ਬੁੱਟਰ ) ਸਟੈਟਿਸਟਿਕਸ ਕੈਨੇਡਾ ਵੱਲੋਂ ਜਾਰੀ ਅੰਕੜਿਆਂ ਵਿੱਚ ਦੱਸਿਆ ਗਿਆ ਹੈ ਕਿ ਦੇਸ਼ ਬਰ ਵਿੱਚ ਭੰਗ ਅਤੇ ਭੰਗ ਤੋਂ ਬਣੀਆਂ ਵਸਤਾਂ ਦੀ ਵਿੱਕਰੀ ਨੂੰ ਕਾਨੂੰਨੀ ਮਾਨਤਾ ਦਿੱਤੇ ਜਾਣ ਤੋਂ ਬਾਦ ਦੇਸ਼ ਭਰ ਵਿੱਚ ਅਕਤੂਬਰ ਮਹੀਨੇ ਦੌਰਾਨ 43 ਮਿਲੀਅਨ ਡਾਲਰ ਦਾ ਕਾਰੋਬਾਰ ਕੀਤਾ ਗਿਆ ਹੈ। 17 ਅਕਤੂਬਰ ਤੋਂ ਦੇਸ਼ ਭਰ ਵਿੱਚ ਮੈਰਿਯੁਆਨਾ ਦੀ ਵਿੱਕਰੀ ਸ਼ੁਰੂ ਕੀਤੀ ਗਈ ਸੀ। ਸ਼ੁਰੂਆਤੀ ਦਿਨਾਂ ਵਿੱਚ ਕੈਨਾਬਿਸ ਸਟੋਰਾਂ ਅੱਗੇ ਲੰਬੀਆਂ-ਲੰਬੀਆਂ ਲਾਈਨਾਂ ਲੱਗੀਆਂ ਰਹੀਆਂ ਸਨ। ਕਈ ਸਟੋਰ ਮਾਲਿਕਾਂ ਦਾ ਕਹਿਣਾ ਹੈ ਕਿ ਬਹੁਤ ਵੱਡੀ ਗਿਣਤੀ ਵਿੱਚ ਨਵੇਂ ਗ੍ਰਾਹਕ ਆਏ ਹਨ ਤੇ ਉਹਨਾਂ ਪਹਿਲੀ ਬਾਰ ਭੰਗ ਦਾ ਸੇਵਨ ਕੀਤਾ ਹੈ। ਐਲਬਰਟਾ ਭਰ ਵਿੱਚ ਭੰਗ ਦੀ ਸਪਲਾਈ ਘਟ ਜਾਣ ਦੇ ਮੱਦੇਨਜ਼ਰ ਐਲਬਰਟਾ ਗੇਮਿੰਗ, ਲਿਕਰ ਐਂਡ ਕੈਨਾਬਿਸ ਕਮਿਸ਼ਨ - ਏ.ਜੀ.ਐਲ.ਸੀ. ਵੱਲੋਂ ਮੈਰਿਯੁਆਨਾ ਦੇ ਸਟੋਰਾਂ ਵਾਸਤੇ ਨਵੇਂ ਲਾਇਸੰਸ ਜਾਰੀ ਕਰਨੇ ਆਰਜ਼ੀ ਤੌਰ 'ਤੇ ਬੰਦ ਕੀਤੇ ਗਏ ਹਨ। ਸਟੋਰ ਮਾਲਕਾਂ ਨੇ ਸ਼ੁਰੂਆਤੀ ਮਹੀਨਿਆਂ ਦੌਰਾਨ ਕਾਰੋਬਾਰ ਨੂੰ ਮਿਲੇ ਉਤਸ਼ਾਹ ਤੇ ਖੁਸ਼ੀ ਦਾ ਇਜ਼ਹਾਰ ਕੀਤਾ ਹੈ।

## ਐਸੋਸੀਏਸ਼ਨ ਆਫ ਸੀਨੀਅਰਜ ਦੀ ਐੱਮ ਪੀ ਪੀ ਸੰਧੂ ਨਾਲ ਮੀਟਿੰਗ



(ਹਰਜੀਤ ਬੇਦੀ): ਐਸੋਸੀਏਸ਼ਨ ਆਫ ਸੀਨੀਅਰਜ਼ ਕਲੱਬਜ ਆਫ ਬਰੈਂਪਟਨ ਦੀ ਲੋਕ ਨੁਮਾਇੰਦਿਆਂ ਨੂੰ ਮਿਲਣ ਦੀ ਲੜੀ ਦੇ ਪਰੋਗਰਾਮ ਤਹਿਤ ਪਿਛਲੇ ਦਿਨੀ ਐਸੋਸੀਏਸ਼ਨ ਦੀ ਕਾਰਜਕਾਰਣੀ ਕਮੇਟੀ ਦੀ ਬਰੈਂਪਟਨ ਵੈਸਟ ਤੋਂ ਐਮ ਪੀ ਪੀ ਅਮਰਜੋਤ ਸੰਧੂ ਨਾਲ ਮੀਟਿੰਗ ਹੋਈ। ਇਸ ਵਿੱਚ ਸੀਨੀਅਰਜ਼ ਦੀ ਪਹਿਲੀ ਮੰਗ ਕਿ 65 ਸਾਲ ਉਮਰ ਪੂਰੀ ਕਰ ਚੁੱਕੇ ਉਹਨਾਂ ਸੀਨੀਅਰਜ਼ ਨੂੰ ਜਿਹਨਾਂ ਦੀ ਠਹਿਰ 10 ਸਾਲ ਤੋਂ ਘੱਟ ਹੈ ਨੂੰ ਘੱਟ ਤੋਂ ਘੱਟ 500 ਡਾਲਰ ਗੁਜਾਰਾ ਭੱਤਾ ਦਿੱਤਾ ਜਾਵੇ ਦੇ ਸਬੰਧ ਵਿੱਚ ਉਸ ਨੇ ਕਿਹਾ ਕਿ ਮੈਂ ਇਸ ਨਾਲ ਸਹਿਮਤ ਹਾਂ ਤੇ ਦੂਜੇ ਪਰੋਵਿੰਸਾਂ ਦਾ ਧਿਆਨ ਕਰ ਕੇ ਪਾਰਟੀ ਵਿੱਚ ਗੱਲ ਕਰਾਂਗਾ। ਆਟੋ ਇੰਸ਼ੋਰੈਨਸ਼ ਘੱਟ ਕਰਨ ਅਤੇ ਇਸ ਨੂੰ ਪੋਸਟਲ ਕੋਡ ਨਾਲੋਂ ਡੀ-ਲਿੰਕ ਬਾਰੇ ਉਸ ਦੇ ਦੱਸਣ ਮੁਤਾਬਿਕ ਮਾਰਚ ਅਪਰੈਲ ਤੱਕ ਇਸ ਦਾ ਕੁੱਝ ਨਾ ਕੁੱਝ ਹੱਲ ਕੀਤਾ ਜਾਵੇਗਾ। ਸੀਨੀਅਰਜ਼ ਲਈ ਫਰੀ ਡੈਂਟਲ ਸੇਵਾਵਾਂ ਬਾਰੇ ਐਮ ਪੀ ਪੀ ਦਾ ਕਹਿਣਾ ਸੀ ਕਿ ਅਪਰੈਲ ਮਈ ਤੱਕ ਇਸ ਮੰਗ ਨੂੰ ਲਾਗੂ ਕਰਨ ਦੀ ਪੂਰੀ ਸੰਭਾਵਨਾ ਹੈ।

ਸੀਨੀਅਰਜ਼ ਲਈ ਸਸਤੀ ਟਰਾਂਜਿਟ ਅਤੇ ਸਾਲਾਨਾ ਬੱਸ ਪਾਸ ਬਾਰੇ ਗੱਲ ਕਰਦਿਆਂ ਉਸ ਨੇ ਕਿਹਾ ਕਿ ਪਰੋਵਿੰਸਲ ਸਰਕਾਰ ਇਸ ਬਾਰੇ ਫੰਡਿੰਗ ਵਿੱਚ ਸਹਾਇਤਾ ਕਰ ਸਕਦੀ ਹੈ ਅਤੇ ਸਿਟੀ ਇਸ ਬਾਰੇ ਪਹਿਲ ਕਰੇ। ਬਰੈਂਪਟਨ ਵਿੱਚ ਇੱਕ ਹੋਰ ਨਵਾਂ ਹਸਪਤਾਲ ਅਤੇ ਮੈਡੀਕਲ ਯੂਨਵਿਰਸਿਟੀ ਦੀ ਅਤਿਅੰਤ ਲੋੜ ਬਾਰੇ ਗੱਲਬਾਤ ਦੌਰਾਨ ਐਮ ਪੀ ਪੀ ਦਾ ਤਰਕ ਸੀ ਕਿ ਪਰੋਵਿੰਸ ਦੀ ਵਿਤੀ ਹਾਲਤ ਮੁਤਾਬਕ ਇਹ ਕੰਮ ਕਾਫੀ ਮੁਸ਼ਕਲ ਹੈ। ਇਸ ਤੇ ਜੋਰ ਪਾਉਂਦਿਆਂ ਐਸੋਸੀਏਸ਼ਨ ਨੇ ਵਿਚਾਰ ਦਿੱਤਾ ਕਿ ਇਹ ਪਰੋਵਿੰਸ ਦੇ ਲੋਕਾਂ ਦੀ ਭਖਦੀ ਲੋੜ ਹੈ ਇਸ ਨੂੰ ਪਹਿਲ ਦੇ ਆਧਾਰ ਤੇ ਕੀਤਾ ਜਾਵੇ। ਇਸ ਤੇ ਉਸ ਨੇ ਕਿਹਾ ਕਿ ਪੁਰਾਣੇ ਪੀਲ ਮੈਮੋਰੀਅਲ ਹਸਪਤਾਲ ਵਿੱਚ 200-250 ਬੈਡ ਕਰਨ ਦੀ ਯੋਜਨਾ ਹੈ। ਇਸੇ ਤਰ੍ਹਾਂ ਸੀਨੀਅਰਜ਼ ਲਈ ਛੋਟੇ ਘਰਾਂ ਦੇ ਨਵੇਂ ਕੰਪਲੈਕਸ ਉਸਾਰਨ ਬਾਰੇ ਮੰਗ ਰੱਖੀ ਗਈ। ਉਸ ਨੇ ਕਿਹਾ ਕਿ ਮੈਂ ਇਸ ਬਾਰੇ ਅਧਿਅਨ ਕਰਾਂਗਾ। ਜਿਸਤਰ੍ਹਾਂ ਵੀ ਠੀਕ ਹੋਇਆ ਇਸ ਬਾਰੇ ਕੋਸ਼ਿਸ਼ ਕਰਾਂਗਾ।

ਇਸ ਮੀਟਿੰਗ ਵਿੱਚ ਪਰਮਜੀਤ ਬੜਿੰਗ ਦੇ ਨਾਲ ਪ੍ਰੀਤਮ ਸਿੰਘ ਸਰਾਂ, ਬਲਵਿੰਦਰ ਬਰਾੜ, ਅਮਰੀਕ ਸਿੰਘ ਕੁਮਰੀਆ, ਪ੍ਰੋ: ਨਿਰਮਲ ਧਾਰਨੀ ਅਤੇ ਦੇਵ ਸੂਦ ਹਾਜ਼ਰ ਸਨ। ਐਸੋਸੀਏਸ਼ਨ ਆਫ ਸੀਨੀਅਰਜ਼ ਕਲੱਬਜ਼ ਆਫ ਬਰੈਂਪਟਨ ਸਬੰਧੀ ਕਿਸੇ ਵੀ ਜਾਣਕਾਰੀ ਲਈ ਪਰਮਜੀਤ ਬੜਿੰਗ 647-963-0331, ਬਲਵਿੰਦਰ ਬਰਾੜ 647-262-4026, ਪ੍ਰੋ: ਨਿਰਮਲ ਧਾਰਨੀ 416-670-5874, ਕਰਤਾਰ ਚਾਹਲ 647-854-8746, ਦੇਵ ਸੂਦ 416-533-0722 ਜਾਂ ਪਰੀਤਮ ਸਿੰਘ ਸਰਾਂ ਨਾਲ 419 -833 0567 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

## ਰਾਸ਼ਟਰਪਤੀ ਦੇ ਬਾਡੀ ਗਾਰਡਜ਼ ਦੀ ਭਰਤੀ ਬਾਰੇ ਕੇਂਦਰ ਸਰਕਾਰ ਤੋਂ ਜਵਾਬ ਮੰਗਿਆ

*** ਸਿਰਫ ਤਿੰਨ ਜਾਤਾਂ ਦੇ ਨੌਜਵਾਨਾਂ ਨੂੰ ਪਹਿਲ ਦੇ ਖਿਲਾਫ ਪਟੀਸ਼ਨ**



ਨਵੀਂ ਦਿੱਲੀ, 2 ਜਨਵਰੀ, (ਪੋਸਟ ਬਿਊਰੋ)- ਰਾਸ਼ਟਰਪਤੀ ਦੇ ਬਾਡੀ ਗਾਰਡਜ਼ ਦੀ ਭਰਤੀ ਲਈ ਸਿਰਫ ਤਿੰਨ ਜਾਤਾਂ ਦੇ ਲੋਕਾਂ ਬਾਰੇ ਵਿਚਾਰ ਕਰਨ ਦੇ ਖਿਲਾਫ ਆਈ ਪਟੀਸ਼ਨ ਉੱਤੇ ਦਿੱਲੀ ਹਾਈ ਕੋਰਟ ਨੇ ਕੇਂਦਰ ਸਰਕਾਰ ਤੇ ਫੌਜ ਦੇ ਮੁਖੀ ਤੋਂ ਜਵਾਬ ਮੰਗਿਆ ਹੈ। ਜਸਟਿਸ ਐੱਸ ਮੁਰਲੀਧਰ ਅਤੇ ਸੰਜੀਵ ਨਰੂਲਾ ਦੀ ਬੈਂਚ ਨੇ ਰੱਖਿਆ ਮੰਤਰਾਲੇ, ਰਾਸ਼ਟਰਪਤੀ ਦੇ ਬਾਡੀ ਗਾਰਡਜ਼ ਦੇ ਕਮਾਂਡੈਂਟ ਅਤੇ ਫੌਜੀ ਭਰਤੀ ਦੇ ਡਾਇਰੈਕਟਰ ਨੂੰ ਵੀ ਨੋਟਿਸ ਜਾਰੀ ਕਰ ਕੇ ਚਾਰ ਹਫਤੇ ਵਿੱਚ ਜਵਾਬ ਦੇਣ ਲਈ ਕਿਹਾ ਹੈ। ਕੇਸ ਬਾਰੇ ਸੁਣਵਾਈ ਅੱਠ ਮਈ 2019 ਨੂੰ ਹੋਵੇਗੀ।

ਹਰਿਆਣਾ ਦੇ ਵਸਨੀਕ ਗੌਰਵ ਯਾਦਵ ਨੇ ਚਾਰ ਸਤੰਬਰ 2017 ਨੂੰ ਹੋਈ ਰਾਸ਼ਟਰਪਤੀ ਦੇ ਬਾਡੀ ਗਾਰਡਜ਼ ਦੀ ਭਰਤੀ ਨੂੰ ਰੱਦ ਕਰਨ ਦੀ ਮੰਗ ਕਰਦਿਆਂ ਹਾਈ ਕੋਰਟ 'ਚ ਜਨਹਿਤ ਪਟੀਸ਼ਨ ਦਾਖਲ ਕੀਤੀ ਹੈ। ਉਸ ਨੇ ਆਪਣੀ ਅਰਜ਼ੀ ਵਿੱਚ ਕਿਹਾ ਹੈ ਕਿ ਸਿਰਫ ਤਿੰਨ ਜਾਤਾਂ; ਜਾਟਾਂ, ਰਾਜਪੂਤਾਂ ਅਤੇ ਜੱਟ ਸਿੱਖਾਂ ਨੂੰ ਭਰਤੀ ਲਈ ਸੱਦੇ ਦਿੱਤੇ ਗਏ ਸਨ। ਉਸ ਦੇ ਮੁਤਾਬਕ ਉਹ ਅਹੀਰ/ ਯਾਦਵ ਜਾਤੀ ਨਾਲ ਸੰਬੰਧਤ ਹੈ ਅਤੇ ਰਾਸ਼ਟਰਪਤੀ ਦੇ ਗਾਰਡ ਬਣਨ ਦੀ ਲੋੜੀਂਦੀ ਯੋਗਤਾ ਨੂੰ ਪੂਰਾ ਕਰਦਾ ਹੈ, ਪਰ ਸਿਰਫ ਤਿੰਨ ਜਾਤਾਂ ਨੂੰ ਪਹਿਲ ਦੇਣ ਕਾਰਨ ਉਸ ਨੂੰ ਅਯੋਗ ਠਹਿਰਾ ਦਿੱਤਾ ਗਿਆ ਹੈ। ਵਕੀਲ ਰਾਮ ਨਰੇਸ਼ ਯਾਦਵ ਰਾਹੀਂ ਦਾਖਲ ਪਟੀਸ਼ਨ ਵਿੱਚ ਕਿਹਾ ਗਿਆ ਕਿ ਇਸ ਨਾਲ ਸੰਵਿਧਾਨ ਦੀ ਧਾਰਾ 14 ਦੀ ਉਲੰਘਣਾ ਹੁੰਦੀ ਹੈ, ਜੋ ਨਸਲ, ਧਰਮ, ਜਾਤ, ਲਿੰਗ, ਰੰਗ ਤੇ ਜਨਮ ਅਸਥਾਨ ਦੇ ਆਧਾਰ 'ਤੇ ਵਿਤਕਰੇ ਖਿਲਾਫ ਹੈ।

ਰਾਸ਼ਟਰਪਤੀ ਦੇ ਗਾਰਡਜ਼ ਦੀ ਭਰਤੀ ਪ੍ਰਕਿਰਿਆ ਉਤੇ ਪਹਿਲਾਂ ਸੁਪਰੀਮ ਕੋਰਟ ਅਤੇ ਦਿੱਲੀ ਹਾਈ ਕੋਰਟ 'ਚ ਵੀ ਜਨਹਿਤ ਪਟੀਸ਼ਨਾਂ ਦਾਖਲ ਕੀਤੀਆਂ ਗਈਆਂ ਸਨ, ਓਦੋਂ ਦੋਵੇਂ ਅਦਾਲਤਾਂ ਨੇ ਸੁਣਵਾਈ ਤੋਂ ਇਨਕਾਰ ਕਰ ਦਿੱਤਾ ਸੀ ਤੇ ਕਿਹਾ ਸੀ ਕਿ ਉਹ ਅਜਿਹੀਆਂ ਜਨਹਿਤ ਪਟੀਸ਼ਨਾਂ 'ਤੇ ਸੁਣਵਾਈ ਨਹੀਂ ਕਰਨਗੇ।

## ਗਣਤੰਤਰ ਦਿਵਸ ਪਰੇਡ ਦੌਰਾਨ ਦੱਖਣੀ ਅਫਰੀਕਾ ਦੇ ਰਾਸ਼ਟਰਪਤੀ ਮੁੱਖ ਮਹਿਮਾਨ ਹੋਣਗੇ

ਨਵੀਂ ਦਿੱਲੀ, 2 ਜਨਵਰੀ, (ਪੋਸਟ ਬਿਊਰੋ)- ਭਾਰਤ ਦੇ ਗਣਤੰਤਰ ਦਿਵਸ ਮੌਕੇ ਇਸ ਵਾਰ ਮੁੱਖ ਮਹਿਮਾਨ ਦੱਖਣੀ ਅਫਰੀਕਾ ਦੇ ਰਾਸ਼ਟਰਪਤੀ ਸਿਰਿਲ ਰਾਮਾਫੋਸਾ ਹੋਣਗੇ।

ਪ੍ਰਧਾਨ ਮੰਤਰੀ ਨੇ ਐਤਵਾਰ ਨੂੰ 'ਮਨ ਕੀ ਬਾਤ' ਪ੍ਰੋਗਰਾਮ ਦੌਰਾਨ ਕਿਹਾ, ਇਸ ਸਾਲ ਅਸੀਂ ਮਹਾਤਮਾ ਗਾਂਧੀ ਦੀ 150ਵੀਂ ਜਨਮ ਵਰ੍ਹੇਗੰਢ ਮਨਾ ਰਹੇ ਹਾਂ ਅਤੇ ਇਸ ਵਾਰ ਗਣਤੰਤਰ ਦਿਵਸ ਮੌਕੇ ਮੁੱਖ ਮਹਿਮਾਨ ਦੱਖਣੀ ਅਫਰੀਕਾ ਦੇ ਰਾਸ਼ਟਰਪਤੀ ਸਿਰਿਲ ਰਾਮਾਫੋਸਾ ਹੋਣਗੇ। ਸਾਡੇ ਲਈ ਇਹ ਮਾਣ ਦੀ ਗੱਲ ਹੈ, ਮਹਾਤਮਾ ਗਾਂਧੀ ਤੇ ਦੱਖਣੀ ਅਫਰੀਕਾ ਦਾ ਡੂੰਘਾ ਰਿਸ਼ਤਾ ਹੈ। ਮੋਦੀ ਨੇ ਕਿਹਾ ਕਿ ਜਨਵਰੀ ਵਿਚ ਗਣਤੰਤਰ ਦਿਵਸ ਸਮਾਗਮ ਬਾਰੇ ਸਾਡੇ ਲੋਕਾਂ ਦੇ ਦਿਲ ਵਿੱਚ ਬਹੁਤ ਉਤਸ਼ਾਹ ਰਹਿੰਦਾ ਹੈ। ਉਸ ਦਿਨ ਅਸੀਂ ਆਪਣੀਆਂ ਉਨ੍ਹਾਂ ਮਹਾਨ ਹਸਤੀਆਂ ਨੂੰ ਯਾਦ ਕਰਦੇ ਹਾਂ ਜਿਨ੍ਹਾਂ ਦੇਸ਼ ਦਾ ਸੰਵਿਧਾਨ ਬਣਾਇਆ। ਉਨ੍ਹਾਂ ਕਿਹਾ ਕਿ ਸਰਦਾਰ ਪਟੇਲ ਨੇ ਆਪਣੀ ਪੂਰੀ ਜ਼ਿੰਦਗੀ ਦੇਸ਼ ਦੀ ਏਕਤਾ ਨੂੰ ਸਮਰਪਿਤ ਕਰ ਦਿੱਤੀ। ਉਹ ਹਮੇਸ਼ਾ ਦੇਸ਼ ਦੀ ਅਖੰਡਤਾ ਨੂੰ ਕਾਇਮ ਰੱਖਣ ਜੁਟੇ ਰਹੇ। ਪ੍ਰਧਾਨ ਮੰਤਰੀ ਨੇ ਕਿਹਾ ਕਿ ਸਰਦਾਰ ਪਟੇਲ ਦੀ ਦੇਸ਼ ਪ੍ਰਤੀ ਭਾਵਨਾ ਦਾ ਸਨਮਾਨ ਕਰਦੇ ਹੋਏ ਅਸੀਂ 'ਸਰਦਾਰ ਪਟੇਲ ਪੁਰਸਕਾਰ' ਸ਼ੁਰੂ ਕਰ ਰਹੇ ਹਾਂ। ਇਸ ਨਾਲ ਅਸੀਂ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕਰਨੀ ਹੈ। ਉਨ੍ਹਾਂ ਕਿਹਾ ਕਿ ਸਰਦਾਰ ਪਟੇਲ ਇਨਾਮ ਉਨ੍ਹਾਂ ਨੂੰ ਦਿੱਤਾ ਜਾਵੇਗਾ, ਜਿਨ੍ਹਾਂ ਕਿਸੇ ਵੀ ਰੂਪ ਵਿੱਚ ਕੌਮੀ ਏਕਤਾ ਲਈ ਯੋਗਦਾਨ ਦਿੱਤਾ ਹੋਵੇ।

Real Estate Exam Prep

ਰਿਐਲਟਰ ਬਣਨ ਦਾ ਸੁਨਿਹਰੀ ਮੌਕਾ,
ਲੰਘ ਗਿਆ ਸਮਾਂ ਹੱਥ ਨਹੀਂ ਆਉਣਾ

The Rules are changing
For Real Estate Licence

It will become a Full Time College course soon!
To Avoid going to college for 2-3 Years, Join Now

Call: 647-625-7961

Pass each exam in just 2 weeks
○Easy to Understand Material
○Important Practice Questions
○Limited Summarized Material




2250 Bovaird Dr E, Unit#407, Medical Building
Behind RBC, Sunny Meadow/Bovaird

# ਸੰਪਾਦਕੀ

## ਸਿਆਸੀ ਦਿਸ਼ਾ ਦਾ ਸੰਕੇਤ ਹੈ ਕਾਰਬਨ ਟੈਕਸ ਬਾਰੇ ਚਰਚਾ

ਫੈਡਰਲ ਕੰਜ਼ਰਵੇਟਿਵ ਪਾਰਟੀ ਦੇ ਲੀਡਰ ਐਂਡਰੀਊ ਸ਼ੀਅਰ ਨੇ 2019 ਵਿੱਚ ਸਿਆਸੀ ਬਿਆਨਾਂ ਦੀ ਪਾਰੀ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ 1 ਜਨਵਰੀ 2019 ਤੋਂ ਲਾਗੂ ਕੀਤੇ ਗਏ ਕਾਰਬਨ ਟੈਕਸ ਦੀ ਆਲੋਚਨਾ ਕਰਕੇ ਖੋਲੀ ਹੈ। ਐਂਡਰੀਊ ਸ਼ੀਅਰ ਨੇ ਕਿਹਾ ਹੈ ਕਿ ਕਾਰਬਨ ਟੈਕਸ ਦਰਅਸਲ ਵਿੱਚ ਲਿਬਰਲ ਪਾਰਟੀ ਦਾ ਖਾਸਮਖਾਸ ਪਿਆਰਾ ਟੈਕਸ ਹੈ ਜਿਸਦੇ ਸਿੱਟਿਆਂ ਤੋਂ ਬਚਣ ਲਈ ਵੋਟਰਾਂ ਨੂੰ 2019 ਦੀਆਂ ਫੈਡਰਲ ਚੋਣਾਂ ਵਿੱਚ ਵਿਸ਼ੇਸ਼ ਕਰਕੇ ਸੁਚੇਤ ਹੋਣ ਦੀ ਲੋੜ ਹੈ। ਕੰਜ਼ਰਵੇਟਿਵਾਂ ਮੁਤਾਬਕ ਕਾਰਬਨ ਟੈਕਸ ਕਾਰਣ ਨਿੱਤਾਪ੍ਰਤੀ ਵਰਤੋਂ ਦੀਆਂ ਵਸਤਾਂ ਮਹਿੰਗੀਆਂ ਹੋ ਜਾਣਗੀਆਂ ਜਦੋਂ ਕਿ ਸਰਕਾਰ ਵੱਲੋਂ ਦਿੱਤੇ ਜਾਣ ਵਾਲੇ ਡਾਲਰਾਂ ਦੇ ਗੱਫਿਆਂ ਦਾ ਆਨੰਦ ਉਹ ਵੱਡੀਆਂ ਕੰਪਨੀਆਂ ਮਾਨਣਗੀਆਂ ਜੋ ਖੁਦ ਪ੍ਰਦੂਸ਼ਣ ਫੈਲਾਉਣ ਲਈ ਜੁੰਮੇਵਾਰ ਹਨ। ਦੂਜੇ ਪਾਸੇ ਲਿਬਰਲ ਪਾਰਟੀ ਵੱਲੋਂ ਇਸ ਟੈਕਸ ਨੂੰ ਕੈਨੇਡਾ ਦੀ ਪ੍ਰਦੂਸ਼ਣ ਉੱਤੇ ਕਾਬੂ ਪਾਉਣ ਲਈ ਵਚਨਬੱਧਤਾ ਵਾਸਤੇ ਜਰੂਰੀ ਮੰਨਿਆ ਜਾ ਰਿਹਾ ਹੈ।

ਕਾਰਬਨ ਟੈਕਸ ਦਾ ਮਤਲਬ ਹੈ ਕਿ ਜਨਵਰੀ 2019 ਤੋਂ ਆਰੰਭ ਹੋ ਕੇ ਇੱਕ ਸਾਲ ਵਿੱਚ 50,000 ਟਨ ਜਾਂ ਵੱਧ ਕਾਰਬਨ ਡਾਇਆਕਸਾਈਡ (CO2) ਪੈਦਾ ਕਰਨ ਵਾਲੀਆਂ ਕੰਪਨੀਆਂ ਨੂੰ ਕਾਰਬਨ ਟੈਕਸ ਭਰਨਾ ਹੋਵੇਗਾ। 10,000 ਟਨ ਜਾਂ ਵੱਧ CO2 ਪੈਦਾ ਕਰਨ ਵਾਲੀਆਂ ਕੰਪਨੀਆਂ ਵੀ ਇਸ ਸਿਸਟਮ ਵਿੱਚ ਸ਼ਾਮਲ ਹੋ ਸਕਦੀਆਂ ਹਨ ਪਰ ਉਹਨਾਂ ਵਾਸਤੇ ਅਜਿਹਾ ਕਰਨਾ ਲਾਜ਼ਮੀ ਨਹੀਂ ਹੈ। ਸਰਕਾਰ ਦਾ ਆਖਣਾ ਹੈ ਕਿ ਪਹਿਲੇ ਸਾਲ CO2 ਪੈਦਾ ਕਰਨ ਦੀ ਕੀਮਤ 20 ਡਾਲਰ ਪ੍ਰਤੀ ਟਨ ਹੋਵੇਗੀ ਜੋ ਹਰ ਸਾਲ 10 ਡਾਲਰ ਪ੍ਰਤੀ ਟਨ ਹਿਸਾਬ ਨਾਲ ਵੱਧਦੀ ਰਹੇਗੀ ਜਦੋਂ ਤੱਕ ਕਾਰਬਨ ਟੈਕਸ ਪ੍ਰਤੀ ਟਨ 50 ਡਾਲਰ ਨਹੀਂ ਹੋ ਜਾਂਦਾ। ਦੂਜੇ ਪਾਸੇ ਐਂਡਰੀਊ ਸ਼ੀਅਰ ਮੁਤਾਬਕ ਟੈਕਸ ਦੀ ਇਹ ਦਰ ਲਿਬਰਲਾਂ ਵੱਲੋਂ ਜਾਰੀ ਕੀਤਾ ਗਿਆ ਮਹਿਜ਼ ਇੱਕ ਟਰੇਲਰ ਹੈ ਪਰ 2019 ਦੀਆਂ ਚੋਣਾਂ ਜਿੱਤਣ ਦੀ ਸੂਰਤ ਵਿੱਚ ਲਿਬਰਲਾਂ ਵੱਲੋਂ ਇਸ ਟੈਕਸ ਨੂੰ 100 ਡਾਲਰ ਪ੍ਰਤੀ ਟਨ ਕਰਨਾ ਆਮ ਗੱਲ ਹੋਵੇਗੀ। ਉਸਨੇ ਚੇਤਾਵਨੀ ਦਿੱਤੀ ਹੈ ਕਿ ਲਿਬਰਲ ਸਰਕਾਰ ਵੱਲੋਂ ਇਸ ਟੈਕਸ ਨੂੰ ਵਧਾ ਕੇ 300 ਡਾਲਰ ਪ੍ਰਤੀ ਟਨ ਕਰ ਦੇਣਾ ਵੀ ਕੋਈ ਅਲੋਕਾਰੀ ਗੱਲ ਨਹੀਂ ਹੋਵੇਗੀ।

ਲਿਬਰਲ ਫੈਡਰਲ ਸਰਕਾਰ ਦੀ ਕਾਰਬਨ ਟੈਕਸ ਯੋਜਨਾ ਦਾ ਇੱਕ ਹੋਰ ਪਹਿਲੂ 1 ਅਪਰੈਲ 2019 ਤੋਂ ਆਰੰਭ ਹੋਵੇਗਾ ਜੋ ਕੈਨੇਡਾ ਦੀਆਂ ਤੇਲ ਕੰਪਨੀਆਂ ਉੱਤੇ ਆਇਤ ਕੀਤਾ ਜਾਵੇਗਾ। ਇਸ ਟੈਕਸ ਨਾਲ 2022 ਤੱਕ ਗੈਸ ਦੀਆਂ ਕੀਮਤਾਂ ਪ੍ਰਤੀ ਲੀਟਰ 13.7 ਸੈਂਟ ਵੱਧ ਹੋ ਜਾਣਗੀਆਂ। ਐਂਡਰੀਊ ਸ਼ੀਅਰ ਦਾ ਤਾਂ ਇਹ ਅਨੁਮਾਨ ਹੈ ਕਿ ਗੈਸ ਕੀਮਤਾਂ 60 ਸੈਂਟ ਪ੍ਰਤੀ ਲੀਟਰ ਵੱਧ ਜਾਣਗੀਆਂ। ਇਹ ਸੰਭਵ ਹੈ ਨਵੇਂ ਟੈਕਸ ਕਾਰਣ ਗੈਸ ਕੀਮਤਾਂ ਵਿੱਚ 13.7 ਸੈਂਟ ਪ੍ਰਤੀ ਲੀਟਰ ਨਾਲੋਂ ਕਿਤੇ ਵੱਧ ਇਜਾਫਾ ਹੋਵੇ ਪਰ ਐਂਡਰੀਊ ਸ਼ੀਅਰ ਦਾ 60 ਸੈਂਟ ਦਾ ਅੰਦਾਜ਼ਾ ਦਰੁਸਤ ਨਹੀਂ ਜਾਪਦਾ।

ਕਾਰਬਨ ਟੈਕਸ ਸਿੱਧਾ ਆਮ ਪਬਲਿਕ ਨੂੰ ਨਹੀਂ ਲਾਇਆ ਜਾ ਰਿਹਾ ਸਗੋਂ ਪ੍ਰਦੂਸ਼ਣ ਪੈਦਾ ਕਰਨ ਵਾਲੀਆਂ ਕੰਪਨੀਆਂ ਨੂੰ ਭਰਨਾ ਹੋਵੇਗਾ। ਸਿੱਟੇ ਵਜੋਂ ਇਹ ਕੰਪਨੀਆਂ ਵਸਤਾਂ ਦੀਆਂ ਕੀਮਤਾਂ ਵਧਾ ਦੇਣਗੀਆਂ ਜਿਸ ਨਾਲ ਮਹਿੰਗਾਈ ਵਧੇਗੀ ਜਿਸਦਾ ਰਗੜਾ ਆਮ ਆਦਮੀ ਨੂੰ ਲੱਗੇਗਾ। ਕੈਨੇਡਾ ਦੇ ਸਾਬਕਾ ਪਾਰਲੀਮੈਂਟਰੀ ਬੱਜਟ ਅਫਸਰ ਜੌਨ ਡੇਨਿਸ ਫਰੈਸ਼ੇਟ ਨੇ ਇੱਕ ਰਿਪੋਰਟ ਵਿੱਚ ਖਦਸ਼ਾ ਜਾਰੀ ਕੀਤਾ ਹੈ ਕਿ ਸਰਕਾਰ ਦੀ ਕਾਰਬਨ ਟੈਕਸ ਯੋਜਨਾ ਕਾਰਣ ਕੈਨੇਡਾ ਦੇ ਆਰਥਕ ਵਿਕਾਸ ਵਿੱਚ 0.5% ਖੜੋਤ ਆਵੇਗੀ ਅਤੇ 10 ਬਿਲੀਅਨ ਡਾਲਰ ਸਾਲਾਨਾ ਨੁਕਸਾਨ ਹੋਵੇਗਾ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦਾਅਵਾ ਕਰ ਰਹੇ ਹਨ ਕਿ ਇੱਕਤਰ ਕੀਤੇ ਗਏ ਟੈਕਸ ਦਾ 90% ਮੁੜ ਕੈਨੇਡੀਅਨਾਂ ਦੀਆਂ ਜੇਬਾਂ ਵਿੱਚ ਪਾ ਦਿੱਤਾ ਜਾਵੇਗਾ। ਪਰ ਸਰਕਾਰ ਵੱਲੋਂ ਫੰਡਾਂ ਨੂੰ ਅਣਗਹਿਲੀ ਸਦਕਾ ਫੰਡਾਂ ਨੂੰ ਖੁਰਦ ਬੁਰਦ ਕਰਨਾ ਆਮ ਗੱਲ ਹੈ।

ਟਰੂਡੋ ਸਰਕਾਰ ਦੀ ਕਾਰਬਨ ਟੈਕਸ ਯੋਜਨਾ ਸਮੁੱਚੇ ਕੈਨੇਡਾ ਉੱਤੇ ਲਾਗੂ ਹੋਣੀ ਹੈ। ਜਿਹਨਾਂ ਪ੍ਰੋਵਿੰਸਾਂ ਕੋਲ ਫੈਡਰਲ ਯੋਜਨਾ ਦੇ ਬਰਾਬਰ ਦੀ ਪਹਿਲਾਂ ਹੀ ਕਾਰਬਨ ਟੈਕਸ ਯੋਜਨਾ ਹੈ, ਉਹਨਾਂ ਨੂੰ ਛੱਡ ਕੇ ਹਰ ਪ੍ਰੋਵਿੰਸ ਨੂੰ ਇਸ ਹਿੱਸਾ ਬਣਨਾ ਲਾਜ਼ਮੀ ਹੈ। ਉਂਟੇਰੀਓ ਦੀ ਨਵੀਂ ਚੁਣੀ ਗਈ ਕੰਜ਼ਰਵੇਟਿਵ ਸਰਕਾਰ ਨੇ ਪਿਛਲੀ ਲਿਬਰਲ ਸਰਕਾਰ ਦੇ ਕੈਪ ਅਤੇ ਟਰੇਡ ਟੈਕਸ ਨੂੰ ਖਤਮ ਕਰਕੇ ਨਵੀਂ ਵਾਤਾਵਾਰਣ ਬਾਰੇ ਯੋਜਨਾ ਦਾ ਐਲਾਨ ਕੀਤਾ ਹੈ। ਫੈਡਰਲ ਸਰਕਾਰ ਉਂਟੇਰੀਓ ਦੀ ਨਵੀਂ ਯੋਜਨਾ ਨੂੰ ਸਹੀ ਨਹੀਂ ਮੰਨਦੀ ਪਰ ਉਂਟੇਰੀਓ ਸਰਕਾਰ ਫੈਡਰਲ ਯੋਜਨਾ ਨੂੰ ਸੁਪਰੀਮ ਕੋਰਟ ਵਿੱਚ ਚੁਣੌਤੀ ਦੇਣ ਜਾ ਰਹੀ ਹੈ। ਡੱਗ ਫੋਰਡ ਸਰਕਾਰ ਨੇ ਇਸਦੇ ਅਦਾਲਤੀ ਖਰਚਿਆਂ ਵਾਸਤੇ 30 ਮਿਲੀਅਨ ਡਾਲਰ ਨਿਰਧਾਰਤ ਰੱਖੇ ਹਨ। ਇਵੇਂ ਹੀ ਸਸਕਾਚੇਵਨ ਅਤੇ ਨਿਊ ਬਰੱਨ-ਸਵਿੱਕ ਵੱਲੋਂ ਫੈਡਰਲ ਯੋਜਨਾ ਦਾ ਵਿਰੋਧ ਕੀਤਾ ਜਾ ਰਿਹਾ ਹੈ। ਇੰਝ ਅਸੀਂ ਵੇਖਦੇ ਹਾਂ ਕਿ ਕਾਰਬਨ ਟੈਕਸ ਨੂੰ ਲੈ ਕੇ ਫੈਡਰਲ ਅਤੇ ਪ੍ਰੋਵਿੰਸ਼ੀਅਲ ਪੱਧਰ ਉੱਤੇ ਪੈਦਾ ਹੋ ਰਹੀ ਸਿਆਸੀ ਧੜੇਬੰਦੀ 2019 ਵਿੱਚ ਮੁੱਖ ਮੁੱਦਾ ਬਣੀ ਰਹੇਗੀ।

## ਕ੍ਰਿਸਮਿਸ ਅਤੇ ਨਵੇਂ ਸਾਲ ਦਾ ਪ੍ਰੋਗਰਾਮ ਆਯੋਜਿਤ



ਨਿਊ ਲਾਈਫ ਗਾਸਪਲ ਟੈਂਪਲ ਵਲੋਂ 5710 ਕੈਨੇਡੀ ਰੋਡ, ਮਿਸੀਸਾਗਾ ਅਲਾਇੰਸ ਚਰਚ ਵਿਖੇ ਕ੍ਰਿਸਮਿਸ ਅਤੇ ਨਵੇਂ ਸਾਲ ਦਾ ਪ੍ਰੋਗਰਾਮ ਆਯੋਜਿਤ ਕੀਤਾ ਗਿਆ ਜਿਸ ਵਿੱਚ ਜੀ ਟੀ ਏ ਦੀਆਂ ਵੱਖ-ਵੱਖ ਚਰਚ ਟੀਮਾਂ ਨੇਂ ਹਿੱਸਾ ਲਿਆ ਅਤੇ ਇੰਡੀਆ ਤੋਂ ਪ੍ਰਸਿੱਧ ਗਾਇਕ ਬਲਬੀਰ ਸੂਫੀ ਨੇਂ ਸੰਗਤਾਂ ਨੂੰ ਕ੍ਰਿਸਮਿਸ ਅਤੇ ਨਵੇਂ ਸਾਲ ਦੇ ਗੀਤਾਂ ਨਾਲ ਨਿਹਾਲ ਕੀਤਾ। (ਰਿਪੋਰਟ: ਦੇਵ ਝੱਮਟ)

## ਕਾਉਂਸਲਰ ਢਿੱਲੋਂ ਵੱਲੋਂ ਮੈਰੀਜੁਆਨਾ ਸਬੰਧੀ ਵਿਸ਼ੇਸ਼ ਸਰਵੇਅ ਸੈਸ਼ਨਜ਼ ਵਿਚ ਲੋਕਾਂ ਨੂੰ ਵਧ ਚੜ੍ਹਕੇ ਹਿਸਾ ਲੈਣ ਦੀ ਅਪੀਲ

...ਪੰਨਾ 1 ਦਾ ਬਾਕੀ

ਇਸ ਮੀਟਿੰਗ ਦੀ ਤਿਆਰੀ ਲਈ ਸਟਾਫ ਨੂੰ ਅਜਿਹੀ ਟੀਮ ਤਿਆਰ ਕਰਨ ਲਈ ਆਖਿਆ ਗਿਆ ਹੈ ਜਿਹੜੀ ਸਿਟੀ ਦੇ ਕੰਮਕਾਜ ਤੇ ਸੇਵਾਵਾਂ, ਜਿਨ੍ਹਾਂ ਵਿੱਚ ਐਨਫੋਰਸਮੈਂਟ ਐਂਡ ਬਾਇ-ਲਾਅ, ਲਾਇਸੰਸਿੰਗ, ਕਮਰਸ਼ੀਅਲ ਆਪਰੇਸ਼ਨਜ਼ ਦੀ ਜ਼ੋਨਿੰਗ, ਇਮਾਰਤਾਂ ਦੀ ਜਾਂਚ, ਫਾਇਰ ਐਂਡ ਐਮਰਜੰਸੀ ਸਰਵਿਸਿਜ਼ ਤੇ ਹੋਰ ਕਮਿਊਨਿਟੀ ਸੇਵਾਵਾਂ ਸ਼ਾਮਲ ਹਨ, ਉੱਤੇ ਪੈਣ ਵਾਲੇ ਪ੍ਰਭਾਵ ਦਾ ਮੁਲਾਂਕਣ ਕਰ ਸਕੇ।

ਇਸ ਦੌਰਾਨ ਸਿਟੀ ਪੀਲ ਰੀਜਨ, ਹੋਰਨਾਂ ਮਿਊਂਸਪੈਲਿਟੀਜ਼, ਪੀਲ ਰੀਜਨਲ ਪੁਲਿਸ, ਓਨਟਾਰੀਓ ਪ੍ਰੋਵਿੰਸ਼ੀਅਲ ਪੁਲਿਸ ਤੇ ਪ੍ਰੋਵਿੰਸ਼ੀਅਲ ਮੰਤਰਾਲਿਆਂ ਨਾਲ ਰਲ ਕੇ ਵੀ ਇਸ ਦੇ ਪ੍ਰਭਾਵ ਤੇ ਮੁਆਵਜ਼ੇ ਸਬੰਧੀ ਮਾਪਦੰਡ ਅਪਨਾਉਣ ਲਈ ਤਾਲਮੇਲ ਬਿਠਾ ਕੇ ਚੱਲੇਗੀ। ਕਾਉਂਸਲਰ ਢਿੱਲੋਂ ਨੇ ਆਖਿਆ ਕਿ ਚੋਣਾਂ ਦੌਰਾਨ ਉਹ ਸਪਸ਼ਟ ਕਰ ਚੁੱਕੇ ਹਨ ਕਿ ਉਹ ਮੈਰੀਜੁਆਨਾ ਤੇ ਹੋਰ ਹਰ ਕਿਸਮ ਦੇ ਨਸ਼ਿਆਂ ਦੇ ਖਿਲਾਫ ਹਨ। ਇਸ ਲਈ ਉਹ ਸਾਰੇ ਹੀ ਜ਼ਿੰਮੇਵਾਰ ਨਾਗਰਿਕਾਂ ਨੂੰ ਅਪੀਲ ਕਰਦੇ ਹਨ ਕਿ ਇਸ ਸਬੰਧ ਵਿੱਚ ਅੱਗੇ ਆਉਣ ਤੇ ਆਪਣੀ ਰਾਇ ਦੇਣ ਤਾਂ ਕਿ ਕਾਉਂਸਲ ਕੋਈ ਸਹੀ ਫੈਸਲਾ ਲੈ ਸਕੇ। ਉਨ੍ਹਾਂ ਆਖਿਆ ਕਿ ਇਹੋ ਸਹੀ ਵੇਲਾ ਹੈ ਜਦੋਂ ਤੁਸੀਂ ਸਾਹਮਣੇ ਆ ਕੇ ਇਹ ਦੱਸ ਸਕਦੇ ਹੋਂ ਕਿ ਖੁਦ ਲਈ ਤੇ ਆਪਣੇ ਬੱਚਿਆਂ ਲਈ ਤੁਸੀਂ ਕਿਹੋ ਜਿਹੀ ਸਿਟੀ ਚਾਹੁੰਦੇ ਹੋਂ।

ਉਨ੍ਹਾਂ ਦੱਸਿਆ ਕਿ ਇਸ ਬਾਰੇ ਆਪਣੀ ਰਾਇ ਦੇਣ ਲਈ ਸਰਵੇਖਣ ਵਿੱਚ ਹਿੱਸਾ ਲੈਣ ਦੀ ਤਰੀਕ ਤੇ ਥਾਂ ਵਾਰਡ ਨੰਬਰ 9 ਤੇ 10 ਲਈ 8 ਜਨਵਰੀ, ਬਰੈਂਪਟਨ ਸੌਕਰ ਸੈਂਟਰ ਹੈ ਤੇ ਇੱਥੇ ਸ਼ਾਮ ਦੇ 6 ਤੋਂ 8 ਵਜੇ ਤੱਕ ਤੁਸੀਂ ਆਪਣੀ ਰਾਇ ਰੱਖ ਸਕਦੇ ਹੋਂ। 9 ਜਨਵਰੀ ਨੂੰ ਸ਼ਾਮੀਂ 6 ਤੋਂ 8 ਵਜੇ ਤੱਕ ਆਪਣੀ ਰਾਇ ਗੋਰ ਮੀਡੋਜ਼ ਕਮਿਊਨਿਟੀ ਸੈਂਟਰ ਅਤੇ ਚਿੰਗੁਆਕਸੀ ਵੈੱਲਨੈੱਸ ਸੈਂਟਰ ਦੋਵਾਂ ਉੱਤੇ ਰੱਖੀ ਜਾ ਸਕਦੀ ਹੈ। ਟਾਊਨ ਹਾਲ 10 ਜਨਵਰੀ ਨੂੰ ਸ਼ਾਮੀਂ 7 ਵਜੇ ਬਰੈਂਪਟਨ ਸਿਟੀ ਹਾਲ ਕੰਜ਼ਰਵੇਟਰੀ (2 ਵੈਲਿੰਗਟਨ ਸਟਰੀਟ ਵੈਸਟ) ਵਿਖੇ ਕਰਵਾਇਆ ਜਾਵੇਗਾ। ਇਸ ਦਾ ਸਿੱਧਾ ਪ੍ਰਸਾਰਨ ਘਰੇ ਬੈਠੇ ਦਰਸ਼ਕਾਂ ਲਈ ਵੀ ਕੀਤਾ ਜਾਵੇਗਾ।

## ਓਨਟਾਰੀਓ ਅਪੀਲ ਕੋਰਟ ਨੇ ਊਬਰ ਖਿਲਾਫ ਕਲਾਸ ਐਕਸ਼ਨ ਲਾਅਸੂਟ ਚਲਾਉਣ ਲਈ ਦਿੱਤੀ ਹਰੀ ਝੰਡੀ

...ਪੰਨਾ 1 ਦਾ ਬਾਕੀ

ਇਸ ਤਰ੍ਹਾਂ ਊਬਰ ਦੀ ਮਾਰਕਿਟ ਵਿੱਚ ਪੈਠ ਦੀ ਮਾਰ ਸਿੱਧੇ ਤੌਰ ਉੱਤੇ ਉਸ ਦੇ ਡਰਾਈਵਰਾਂ ਨੂੰ ਹੀ ਸਹਿਣੀ ਪਵੇਗੀ। ਅਦਾਲਤ ਨੇ ਇਹ ਵੀ ਆਖਿਆ ਕਿ ਊਬਰ ਨੇ ਇਹ ਸੱਭ ਜਾਣਬੁੱਝ ਕੇ ਤੇ ਸੋਚਸਮਝ ਕੇ ਹੀ ਕੀਤਾ ਹੈ। ਤਿੰਨ ਜੱਜਾਂ ਦੇ ਅਪੀਲ ਪੈਨਲ ਨੇ ਆਖਿਆ ਕਿ ਹੇਠਲੀ ਅਦਾਲਤ ਵੱਲੋਂ ਇਸ ਮਾਮਲੇ ਵਿੱਚ ਪਹਿਲਾਂ ਊਬਰ ਦੇ ਪੱਖ ਵਿੱਚ ਸੁਣਾਇਆ ਗਿਆ ਫੈਸਲਾ ਸਹੀ ਨਹੀਂ ਹੈ ਕਿਉਂਕਿ ਉਨ੍ਹਾਂ ਨੇ ਉਹ ਫੈਸਲਾ ਨਾਰਮਲ ਕਮਰਸ਼ੀਅਲ ਕਾਂਟਰੈਕਟਸ, ਜਿਨ੍ਹਾਂ ਵਿੱਚ ਦੋਵੇਂ ਧਿਰਾਂ ਤਾਕਤ ਦੇ ਮਾਮਲੇ ਵਿੱਚ ਬਰਾਬਰ ਹੁੰਦੀਆਂ ਹਨ, ਦੇ ਆਧਾਰ ਉੱਤੇ ਹੀ ਸੁਣਾਇਆ ਸੀ।

ਇਸ ਦੌਰਾਨ ਊਬਰ ਕੈਨੇਡਾ ਦੇ ਤਰਜ਼ਮਾਨ ਨੇ ਆਖਿਆ ਕਿ ਕੰਪਨੀ ਅਪੀਲ ਕੋਰਟ ਦੇ ਫੈਸਲੇ ਦਾ ਮੁਲਾਂਕਣ ਕਰੇਗੀ। ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਊਬਰ ਖਿਲਾਫ ਇਹ ਮਾਮਲਾ ਊਬਰਈਟਜ਼ ਲਈ ਕੰਮ ਕਰਨ ਵਾਲੇ 35 ਸਾਲਾ ਡਰਾਈਵਰ ਡੇਵਿਡ ਹੈਲਰ ਵੱਲੋਂ ਕੀਤਾ ਗਿਆ ਹੈ। ਇਸ ਸੇਵਾ ਤਹਿਤ ਡਰਾਈਵਰ ਊਬਰ ਦੇ ਕਸਟਮਰਜ਼ ਨੂੰ ਰੈਸਟੋਰੈਂਟਸ ਤੋਂ ਖਾਣਾ ਲਿਆ ਕੇ ਦਿੰਦੇ ਹਨ। ਉਸ ਦਾ ਤਰਕ ਹੈ ਕਿ ਊਬਰ ਦੇ ਡਰਾਈਵਰ ਕੰਪਨੀ ਦੇ ਕਰਮਚਾਰੀ ਹਨ, ਜਿਸ ਕਾਰਨ ਉਹ ਘੱਟ ਤੋਂ ਘੱਟ ਉਜਰਤਾਂ, ਵੈਕੇਸ਼ਨ ਪੇਅ ਤੇ ਓਨਟਾਰੀਓ ਇੰਪਲਾਇਮੈਂਟ ਸਟੈਂਡਰਡਜ਼ ਐਕਟ ਤਹਿਤ ਹੋਰ ਪ੍ਰੋਟੈਕਸ਼ਨਜ਼ ਦੇ ਹੱਕਦਾਰ ਹਨ।

ਅਪੀਲ ਕੋਰਟ ਨੇ ਆਖਿਆ ਕਿ ਇਹ ਵਿਚੋਲਗੀ ਵਾਲਾ ਕਲਾਜ਼ ਜਾਇਜ਼ ਨਹੀਂ ਹੈ ਕਿਉਂਕਿ ਡਰਾਈਵਰਾਂ ਨਾਲ ਸਬੰਧਤ ਕਿਸੇ ਵੀ ਕਿਸਮ ਦੇ ਵਿਵਾਦ ਵਿੱਚ ਇਹ ਸਿਰਫ ਊਬਰ ਦਾ ਹੀ ਪੱਖ ਪੂਰਦਾ ਹੈ। ਇਸ ਲਈ ਅਦਾਲਤ ਨੇ ਊਬਰ ਨੂੰ ਹੈਲਰ ਨੂੰ ਅਪੀਲ ਕਰਨ ਦੀ ਕੀਮਤ ਦੇ ਨਾਲ ਨਾਲ ਹੋਰ ਖਰਚ ਤੋਂ ਇਲਾਵਾ ਕੁੱਲ 20,000 ਡਾਲਰ ਅਦਾ ਕਰਨ ਦਾ ਹੁਕਮ ਵੀ ਦਿੱਤਾ।

## ਸੂਚਨਾ ਕਮਿਸ਼ਨ ਨੇ 13 ਫਿਰਕੂ ਦੰਗਿਆਂ ਦੀਆਂ ਗਾਇਬ ਰਿਪੋਰਟਾਂ ਪਤਾ ਲਾਉਣ ਦੇ ਹੁਕਮ ਦਿੱਤੇ

ਨਵੀਂ ਦਿੱਲੀ, 2 ਜਨਵਰੀ ਦਸੰਬਰ (ਪੋਸਟ ਬਿਊਰੋ)- ਕੇਂਦਰੀ ਸੂਚਨਾ ਕਮਿਸ਼ਨ (ਸੀ ਆਈ ਸੀ) ਨੇ ਹੋਮ ਸੈਕਟਰੀ ਨੂੰ 1961 ਤੋਂ ਅੱਜ ਤੱਕ ਭਾਰਤ ਵਿੱਚ ਹੋਏ ਫਿਰਕੂ ਦੰਗਿਆਂ ਬਾਰੇ 13 ਜਾਂਚ ਕਮਿਸ਼ਨਾਂ ਦੀਆਂ ਰਿਪੋਰਟਾਂ ਦੀ ਸਥਿਤੀ ਦਾ ਪਤਾ ਕਰਨ ਨੂੰ ਕਿਹਾ ਹੈ। ਕਮਿਸ਼ਨ ਨੇ ਹੋਮ ਸੈਕਟਰੀ ਨੂੰ ਇੱਕ ਅਧਿਕਾਰੀ ਤੈਨਾਤ ਕਰ ਕੇ 15 ਦਿਨ ਵਿੱਚ ਵਿਸਥਾਰ ਸਹਿਤ ਰਿਪੋਰਟ ਦੇਣ ਦਾ ਹੁਕਮ ਦਿੱਤਾ ਹੈ। ਅਧਿਕਾਰਆਂ ਨੇ ਰਿਪੋਰਟਾਂ ਹਾਸਲ ਨਾ ਹੋਣ ਦਾ ਦਾਅਵਾ ਕੀਤਾ ਹੈ।

ਆਰ ਟੀ ਆਈ ਕਾਰਕੁੰਨ ਅੰਜਲੀ ਭਾਰਦਵਾਜ ਦੀ ਪਟੀਸ਼ਨ ਉੱਤੇ ਸੂਚਨਾ ਕਮਿਸ਼ਨਰ ਬਿਮਲ ਜ਼ੁਲਕਾ ਨੇ ਹੋਮ ਸੈਕਟਰੀ ਨੂੰ ਇਹ ਹੁਕਮ ਦਿੱਤਾ ਹੈ। ਅੰਜਲੀ ਭਾਰਦਵਾਜ ਨੇ ਫਿਰਕੂ ਦੰਗਿਆਂ ਬਾਰੇ ਵੱਖ-ਵੱਖ ਜਾਂਚ ਕਮਿਸ਼ਨਾਂ ਦੀਆਂ ਮੁਕੰਮਲ ਰਿਪੋਰਟਾਂ ਬਾਰੇ ਜਾਣਕਾਰੀ ਮੰਗੀ ਸੀ। ਸੀ ਆਈ ਸੀ ਨੇ ਹੋਮ ਸੈਕਟਰੀ ਰਾਜੀਵ ਗੌਬਾ ਨੂੰ 13 ਰਿਪੋਰਟਾਂ ਦੀ ਸਥਿਤੀ ਦਾ ਪਤਾ ਲਾਉਣ ਲਈ ਇੱਕ ਉਚ ਅਧਿਕਾਰੀ ਤੈਨਾਤ ਕਰਨ ਨੂੰ ਕਿਹਾ ਹੈ। ਮੰਤਰਾਲੇ ਦੀ ਵੈਬਸਾਈਟ 'ਤੇ ਇਹ ਰਿਪੋਰਟਾਂ ਨਹੀਂ ਹਨ। ਭਾਰਦਵਾਜ ਨੇ ਕਿਹਾ ਕਿ ਮੰਤਰਾਲੇ ਨੇ 2006 ਵਿੱਚ ਫਿਰਕੂ ਦੰਗਿਆਂ ਦੀ ਜਾਂਚ ਲਈ ਬਣੇ ਵੱਖ-ਵੱਖ ਜੁਡੀਸ਼ਲ ਅਤੇ ਹੋਰ ਜਾਂਚ ਕਮਿਸ਼ਨਾਂ ਦੀਆਂ ਰਿਪੋਰਟਾਂ ਦੀ ਜਾਂਚ ਲਈ ਕੌਮੀ ਏਕਤਾ ਕੌਂਸਲ ਦਾ ਇੱਕ ਕੰਮ ਕਰਨ ਵਾਲਾ ਗਰੁੱਪ ਬਣਾਇਆ ਸੀ, ਜਿਸ ਨੇ 29 ਅਜਿਹੇ ਕੇਸਾਂ ਦੀ ਜਾਂਚ ਕੀਤੀ ਸੀ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਮੰਤਰਾਲੇ ਦੀ ਵੈੱਬਸਾਈਟ ਉੱਤੇ 1961 ਤੋਂ 2003 ਦੌਰਾਨ ਹੋਏ ਦੰਗਿਆਂ ਬਾਰੇ 13 ਜਾਂਚ ਕਮਿਸ਼ਨਾਂ ਦੀਆਂ ਰਿਪੋਰਟਾਂ ਨਹੀਂ ਮਿਲ ਰਹੀਆਂ। ਭਾਰਦਵਾਜ ਨੇ ਉਨ੍ਹਾਂ ਦੀ ਕਾਪੀ ਲੈਣ ਲਈ ਆਰ ਟੀ ਆਈ ਅਰਜ਼ੀ ਦਾਇਰ ਕੀਤੀ ਸੀ। ਉਸ ਨੇ ਸਾਲ 1961 ਦੇ ਮੱਧ ਪ੍ਰਦੇਸ਼ ਦੇ ਦੰਗਿਆਂ ਉੱਤੇ ਸ਼ਿਵਾ ਦਿਆਲ ਸ੍ਰੀਵਾਸਤਵ ਕਮਿਸ਼ਨ, ਸਾਲ 1967 ਦੇ ਬਿਹਾਰ ਦੰਗਿਆਂ ਉੱਤੇ ਜਸਟਿਸ ਰਘੁਬਰ ਦਿਆਲ ਕਮਿਸ਼ਨ, 1969 ਦੇ ਗੁਜਰਾਤ ਦੰਗਿਆਂ 'ਤੇ ਜਸਟਿਸ ਪੀ ਜੇ ਰੈਡੀ ਕਮਿਸ਼ਨ, 1984 ਦੇ ਦਿੱਲੀ ਦੰਗਿਆਂ ਉੱਤੇ ਪ੍ਰਸਾਦ ਕਮਿਸ਼ਨ ਅਤੇ 1985 ਦੇ ਗੁਜਰਾਤ ਦੰਗਿਆਂ ਉੱਤੇ ਜਸਟਿਸ ਵੀ ਐੱਸ ਦਵੇ ਕਮਿਸ਼ਨ ਦੀ ਰਿਪੋਰਟ ਮੰਗੀ ਹੈ। ਉਨ੍ਹਾਂ ਨੇ 1985 ਦੇ ਮਹਾਰਾਸ਼ਟਰ ਦੰਗਿਆਂ ਉੱਤੇ ਜਸਟਿਸ ਪੀ ਐੱਸ ਮਾਵਲੰਕਰ ਕਮਿਸ਼ਨ, 1988 ਦੇ ਪੱਛਮੀ ਬੰਗਾਲ ਦੰਗਿਆਂ 'ਤੇ ਜਸਟਿਸ ਹਰਿਦਾਸ ਦਾਸ ਕਮਿਸ਼ਨ, 1990 ਦੇ ਆਂਧਰਾ ਪ੍ਰਦੇਸ਼ ਦੰਗਿਆਂ 'ਤੇ ਆਰ ਐੱਚ ਹੀਰਾਮਨ ਸਿੰਘ ਦੀ ਰਿਪੋਰਟ ਅਤੇ 1990 ਦੇ ਰਾਜਸਥਾਨ ਦੰਗਿਆਂ 'ਤੇ ਜਸਟਿਸ ਐੱਨ ਐੱਲ ਤਿਬਰਵਾਲ ਕਮਿਸ਼ਨ ਦੀਆਂ ਰਿਪੋਰਟਾਂ ਵੀ ਮੰਗੀਆਂ ਸਨ। ਇਸ ਦੇ ਇਲਾਵਾ ਉਨ੍ਹਾਂ ਨੇ 1992 ਦੇ ਮੱਧ ਪ੍ਰਦੇਸ਼ ਦੰਗਿਆਂ 'ਤੇ ਜਸਟਿਸ ਕੇ ਕੇ ਦੁਬੇ ਕਮਿਸ਼ਨ, 1998 ਦੇ ਤਾਮਿਲ ਨਾਡੂ ਦੰਗਿਆਂ 'ਤੇ ਜਸਟਿਸ ਪੀ ਆਰ ਗੋਕੁਲਕ੍ਰਿਸ਼ਨ ਕਮਿਸ਼ਨ, 1999 ਦੇ ਮਹਾਰਾਸ਼ਟਰ ਦੰਗਿਆਂ 'ਤੇ ਜਸਟਿਸ ਅਨੰਤ ਡੀ ਮਾਣੇ ਕਮਿਸ਼ਨ ਅਤੇ 2003 ਦੇ ਕੇਰਲ ਦੰਗਿਆਂ 'ਤੇ ਥਾਮਸ ਪੀ ਜੋਸੇਫ ਕਮਿਸ਼ਨ ਦੀ ਰਿਪੋਰਟ ਮੰਗੀ ਸੀ। ਸੂਚਨਾ ਕਮਿਸ਼ਨਰ ਨੇ ਕਿਹਾ, 16 ਰਿਪੋਰਟਾਂ ਪਹਿਲਾਂ ਤੋਂ ਵੈੱਬਸਾਈਟ 'ਤੇ ਹਨ। ਹੋਰ 13 ਬਾਕੀ ਰਿਪੋਰਟਾਂ ਦੇ ਬਾਰੇ ਅਪੀਲ ਕਰਤਾ ਨੇ ਜਾਣਕਾਰੀ ਮੰਗੀ ਸੀ, ਕਿਉਂਕਿ ਉਹ ਵੈੱਬਸਾਈਟ 'ਤੇ ਨਹੀਂ। ਉਨ੍ਹਾਂ ਨੇ ਕਿਹਾ ਕਿ ਸੁਣਵਾਈ ਦੌਰਾਨ ਮੰਤਰਾਲੇ ਨੇ ਕਿਹਾ ਕਿ ਅਜਿਹੀ ਕੋਈ ਰਿਪੋਰਟ ਉਨ੍ਹਾਂ ਦੇ ਕੋਲ ਜਮ੍ਹਾ ਨਹੀਂ ਹੋਈ ਹੈ।

Canadian Punjabi Post
Head Office
27 Armthorpe Road, Unit # 3
Brampton, Ontario, L6T 5M4
Ph. 905-793-2202
Fax. 905-793-2282

Founder Editor - Jagdish Singh Grewal
Managing Director - Parminder Kaur Grewal
Honorary Editor - Jatinder Pannu
Contributing Editors - Karam Singh Punia - Gyan Singh - Angrej Singh
Office Admin Assistant - Priya Sodhi
Marketing Executives - HS Nagpal - Gurpreet Singh Pall -
Photographer - Kanwaljit Singh Kanwal
Distribution - Aman Warriach

Canadian Punjabi Post is published daily (Monday - Friday). All the advertisement contents are the responsibility of the advertisers. The opinions expressed in the articles and columns are those of the writers, editor or any other staff member of Canadian Punjabi Post assumes no responsibility of any kind.

## ਅਮਰੀਕੀ ਅੰਬੈਸੀ ਦੀ ਸ਼ਿਕਾਇਤ ਉੱਤੇ ਸੀ ਬੀ ਆਈ ਵੱਲੋਂ ਪੰਜਾਬ ਦੇ ਏਜੰਟਾਂ ਉੱਤੇ ਕੇਸ ਦਰਜ

ਨਵੀਂ ਦਿੱਲੀ, 2 ਜਨਵਰੀ ਦਸੰਬਰ (ਪੋਸਟ ਬਿਊਰੋ)- ਪੰਜਾਬ ਦੇ ਨਵਾਂ ਸ਼ਹਿਰ ਜ਼ਿਲੇ ਵਿਚ ਚਾਰ ਬੱਚਿਆਂ ਨੂੰ ਗ਼ੈਰ ਕਾਨੂੰਨੀ ਢੰਗ ਨਾਲ ਅਮਰੀਕਾ ਲਿਜਾਣ ਦੇ ਦੋਸ਼ ਵਿਚ ਸੀ ਬੀ ਆਈ ਨੇ ਕੇਸ ਦਰਜ ਕੀਤਾ ਹੈ। ਸੀ ਬੀ ਆਈ ਅਧਿਕਾਰੀਆਂ ਦਾ ਕਹਿਣਾ ਹੈ ਕਿ ਇਹ ਕੇਸ ਅਮਰੀਕੀ ਦੂਤਘਰ ਦੀ ਸ਼ਿਕਾਇਤ ਉੱਤੇ ਦਰਜ ਕੀਤਾ ਗਿਆ ਹੈ।

ਮਿਲੀ ਜਾਣਕਾਰੀ ਅਨੁਸਾਰ ਅਮਰੀਕੀ ਅਧਿਕਾਰੀਆਂ ਨੇ ਸ਼ਿਕਾਇਤ ਵਿਚ ਲਿਖਿਆ ਹੈ ਕਿ ਪਿਛਲੇ ਸਾਲ ਅਗਸਤ ਵਿਚ ਗਗਨ ਗੁਪਤਾ ਨਾਂ ਦੀ ਔਰਤ ਨੇ ਚਾਰ ਨਾਬਾਲਗ ਬੱਚਿਆਂ ਨੂੰ ਪੰਜਾਬ ਦੇ ਸ਼ਹੀਦ ਭਗਤ ਸਿੰਘ ਨਗਰ ਦੇ ਸੇਂਟ ਜੋਜ਼ਫ ਕਾਨਵੈਂਟ ਸਕੂਲ ਦੇ ਬੱਚਿਆਂ ਦੇ ਪਾਸਪੋਰਟਾਂ ਉੱਤੇ ਅਮਰੀਕਾ ਲਿਜਾਣ ਦੀ ਕੋਸ਼ਿਸ਼ ਕੀਤੀ ਸੀ। ਜਾਂਚ ਕਰਨ ਤੋਂ ਪਤਾ ਲੱਗਾ ਕਿ ਇਨ੍ਹਾਂ ਬੱਚਿਆਂ ਦੇ ਪਾਸਪੋਰਟ ਚਾਰ ਨਾਬਾਲਗਾਂ ਨੂੰ ਅਮਰੀਕਾ ਲਿਜਾਣ ਲਈ ਵਰਤੇ ਜਾਣੇ ਸਨ। ਸੇਂਟ ਜੋਜ਼ਫ ਸਕੂਲ ਦੇ ਬੱਚਿਆਂ ਦੀ ਉਮਰ 13 ਤੋਂ 15 ਸਾਲ ਦੇ ਵਿਚਾਲੇ ਹੈ। ਅਮਰੀਕੀ ਅੰਬੈਸੀ ਦੇ ਮੁਤਾਬਕ ਯੂਨਾਈਟਿਡ ਏਅਰਲਾਈਨਜ਼ ਦੇ ਸਟਾਫ਼ ਨੇ ਚਾਰੇ ਬੱਚਿਆਂ ਨੂੰ ਫਲਾਈਟ ਵਿਚ ਚੜ੍ਹਨ ਤੋਂ ਰੋਕ ਲਿਆ, ਕਿਉਂਕਿ ਪਾਸਪੋਰਟ ਵਿਚਲੀ ਫੋਟੋ ਨਾਲ ਉਨ੍ਹਾਂ ਦੇ ਚਿਹਰੇ ਮਿਲਦੇ ਨਹੀਂ ਸਨ। ਉਨ੍ਹਾਂ ਦੇ ਪਾਸ-ਪੋਰਟ ਜ਼ਬਤ ਨਹੀਂ ਕੀਤੇ ਗਏ, ਪਰ ਇੰਦਰਾ ਗਾਂਧੀ ਕੌਮਾਂਤਰੀ ਹਵਾਈ ਅੱਡੇ ਤੋਂ ਵਾਪਸ ਕਰ ਦਿੱਤਾ ਗਿਆ। ਅਮਰੀਕਾ ਦੀ ਇਸ ਏਅਰਲਾਈਨ ਦੇ ਸਟਾਫ਼ ਨੇ ਪੁਲੀਸ ਨੂੰ ਨਹੀਂ ਦੱਸਿਆ, ਪਰ ਨਾਬਾਲਗਾਂ ਦੀਆਂ ਫੋਟੋਆਂ ਅਤੇ ਪਾਸਪੋਰਟ ਕਾਪੀਆਂ ਟਿਕਟ ਸਣੇ ਅੰਬੈਸੀ ਅਧਿਕਾਰੀਆਂ ਨੂੰ ਸੌਂਪ ਦਿੱਤੀਆਂ ਸਨ।

ਇਸ ਪਿੱਛੋਂ ਜਾਂਚ ਵਿਚ ਭੇਦ ਖੁੱਲ੍ਹਾ ਕਿ ਇਹ ਵੀਜ਼ੇ ਸੇਂਟ ਜੋਜ਼ਫ ਕਾਨਵੈਂਟ ਸਕੂਲ ਦੇ ਬੱਚਿਆਂ ਦੇ ਟੂਰ ਵਾਸਤੇ ਜਾਰੀ ਹੋਏ ਸਨ, ਜਿਸ ਦਾ ਪ੍ਰਬੰਧ ਕਲਿੱਕ ਐਜੂਕੇਸ਼ਨ ਸਰਵਿਸਿਜ਼ ਪ੍ਰਾਈਵੇਟ ਲਿਮਟਿਡ ਨੇ ਕੀਤਾ ਸੀ। ਇਨ੍ਹਾਂ ਵਿਦਿਆਰਥੀਆਂ ਨੂੰ ਸਕੂਲ ਵੱਲੋਂ ਸਭਿਆਚਾਰਕ ਟੂਰ ਲਈ ਅਮਰੀਕਾ ਭੇਜਿਆ ਜਾਣਾ ਸੀ ਤੇ ਏਜੰਟ ਨੇ ਵੀਜ਼ਾ ਪ੍ਰਕਿਰਿਆ ਵਿਚ ਮਦਦ ਦੇ ਬਹਾਨੇ ਇਨ੍ਹਾਂ ਵਿਦਿਆਰਥੀਆਂ ਦੇ ਪਾਸਪੋਰਟ ਲਏ ਸਨ, ਪਰ ਉਸ ਨੇ ਇਨ੍ਹਾਂ ਵਿਦਿਆਰਥੀਆਂ ਦੇ ਵੀਜ਼ਾ ਲੱਗੇ ਪਾਸਪੋਰਟਾਂ ਨਾਲ ਆਪਣੇ ਚਾਰ ਗਾਹਕਾਂ ਨੂੰ ਨਾਜਾਇਜ਼ ਤਰੀਕੇ ਅਮਰੀਕਾ ਭੇਜਣ ਦਾ ਯਤਨ ਕੀਤਾ ਸੀ। ਵਿਦਿਆਰਥੀਆਂ ਦੇ ਪਾਸਪੋਰਟ ਨਾਲ ਅਮਰੀਕਾ ਜਾਣ ਦੀ ਕੋਸ਼ਿਸ਼ ਕਰਦੇ ਇਕ ਬੱਚੇ ਦੀ ਪਛਾਣ ਅਮਰੀਕੀ ਅੰਬੈਸੀ ਨੇ ਕਰ ਲਈ ਹੈ। ਉਹ ਹੁਸ਼ਿਆਰਪੁਰ ਜ਼ਿਲ੍ਹੇ ਨਾਲ ਸਬੰਧਤ ਹੈ ਤੇ ਉਸ ਦੇ ਪਿਤਾ ਨੇ ਦੱਸਿਆ ਕਿ ਉਨ੍ਹਾਂ ਤੋਂ ਕਿੰਗਸ ਟਰੈਵਲ ਪੰਜਾਬ ਦੇ ਏਜੰਟ ਬਲਰਾਜ ਖੇੜਾ ਨੇ ਬੱਚੇ ਨੂੰ ਅਮਰੀਕਾ ਭੇਜਣ ਬਦਲੇ 30.05 ਲੱਖ ਰੁਪਏ ਮੰਗੇ ਸਨ। ਸੀ ਬੀ ਆਈ ਨੇ ਕੇਸ ਦੀ ਜਾਂਚ ਫਰਵਰੀ ਵਿਚ ਸ਼ੁਰੂ ਕੀਤੀ ਤਾਂ ਪਤਾ ਲੱਗਾ ਕਿ ਗਗਨ ਗੁਪਤਾ ਨੇ ਆਪਣੇ ਆਪ ਨੂੰ ਸਕੂਲ ਦਾ ਪ੍ਰਿੰਸੀਪਲ ਦੱਸਿਆ ਸੀ। ਸਕੂਲ ਦੀ ਪ੍ਰਿੰਸੀਪਲ ਨੇ ਸੀ ਬੀ ਆਈ ਨੂੰ ਦੱਸਿਆ ਕਿ ਅਮਰੀਕੀ ਟੂਰ ਲਈ ਏਜੰਟ ਚੇਤਨ ਸੱਭਰਵਾਲ ਨੇ ਵਿਦਿਆਰਥੀਆਂ ਅਤੇ ਅਧਿਆਪਕਾਂ ਦੇ ਪਾਸਪੋਰਟ ਉਨ੍ਹਾਂ ਤੋਂ ਲਏ ਸਨ। ਏਜੰਟ ਬਲਰਾਜ ਖੇੜਾ, ਪਠਾਨਕੋਟ ਦੇ ਗਗਨ ਗੁਪਤਾ, ਕਲਿੱਕ ਐਜੂਕੇਸ਼ਨ ਸਰਵਿਸਿਜ਼ ਦੇ ਚੇਤਨ ਸੱਭਰਵਾਲ ਤੇ ਉਸ ਦੇ ਮੁਲਾਜ਼ਮਾਂ ਲਵਪ੍ਰੀਤ ਸਿੰਘ ਤਤੇ ਤਿਲਕ ਰਾਜ ਦੇ ਖ਼ਿਲਾਫ਼ ਸੀ ਬੀ ਆਈ ਨੇ ਕੇਸ ਦਰਜ ਕਰ ਲਿਆ ਅਤੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੇਡੀਜ਼ ਇੰਸਟ੍ਰਕਟਰ

647-998-7500 ਬਲਵਿੰਦਰ

## ਰਾਜ ਬਰਾੜ ਦੀਆਂ ਯਾਦਾਂ ਨੂੰ ਸਮਰਪਿਤ ਸੇਖੋਂ ਜੰਡਵਾਲਾ ਦੀ ਪੁਸਤਕ 'ਸੰਦਲੀ ਪੈੜਾਂ' ਮੋਹਾਲੀ 'ਚ ਲੋਕ ਅਰਪਣ ਕੀਤੀ ਗਈ



ਮੋਹਾਲੀ: ਬੀਤੇ ਦਿਨੀਂ ਉਘੇ ਪੰਜਾਬੀ ਗਾਇਕ ਅਤੇ ਫਿਲਮੀ ਕਲਾਕਾਰ ਮਰਹੂਮ ਰਾਜ ਬਰਾੜ ਦੀਆਂ ਮਿੱਠੀਆਂ ਯਾਦਾਂ ਅਤੇ ਉਨ੍ਹਾਂ ਵਲੋਂ ਪੰਜਾਬੀ ਸੱਭਿਆਚਾਰ ਦੀ ਝੋਲੀ ਵਿਚ ਪਾਏ ਯੋਗਦਾਨ ਨੂੰ ਯਾਦ ਕਰਦਿਆਂ ਉੱਘੇ ਲੇਖਕ ਸੇਖੋਂ ਜੰਡਵਾਲਾ ਵਲੋਂ ਲਿਖੀ ਪੁਸਤਕ 'ਸੰਦਲੀ ਪੈੜਾਂ' ਰਾਜ ਬਰਾੜ ਦੀ ਪਤਨੀ ਬਲਵਿੰਦਰ ਕੌਰ ਬਰਾੜ ਅਤੇ ਉਨ੍ਹਾਂ ਦੀ ਪੁੱਤਰੀ ਸਵਤਾਜ ਬਰਾੜ ਵਲੋਂ ਅੱਜ ਇੱਥੇ ਲੋਕ ਅਰਪਣ ਕੀਤੀ ਗਈ . ਇਸ ਮੌਕੇ ਬਰਾੜ ਅੰਦਰ ਛੁਪੀ ਪ੍ਰਤਿਭਾ ਨੂੰ ਤਰਾਸ਼ਣ ਵਾਲੇ ਬਰਜਿੰਦਰਾ ਕਾਲਜ ਫਰੀਦਕੋਟ ਵਾਲੇ ਪ੍ਰੋਫੈਸਰ ਡਾ: ਜਲੌਰ ਸਿੰਘ ਖੀਵਾ ਵੀ ਹਾਜ਼ਰ ਸਨ . ਇਸ ਮੌਕੇ ਬੋਲਦਿਆਂ ਸੇਖੋਂ ਜੰਡਵਾਲਾ ਨੇ ਕਿਹਾ ਕਿ ਰਾਜ ਬਰਾੜ ਇਕ ਬਹੁਪੱਖੀ ਸ਼ਖ਼ਸੀਅਤ ਦੇ ਮਾਲਕ ਸਨ . ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਅਧਵੱਟੇ ਇਸ ਸੰਸਾਰ ਨੂੰ ਅਲਵਿਦਾ ਕਹਿਣ ਨਾਲ ਜਿੱਥੇ ਪੰਜਾਬੀ ਸੱਭਿਆਚਾਰ ਦਾ ਇਕ ਮਹਾਨ ਹੀਰਾ ਖੁਸ ਗਿਆ, ਉੱਥੇ ਇਕ ਮਿੱਤਰਾਂ ਦੇ ਮਿੱਤਰ ਤੋਂ ਸੱਖਣਾ ਹੋ ਗਏ ਹਾਂ . ਉਨ੍ਹਾਂ ਵਲੋਂ ਬਰਾੜ ਦੇ ਦੇਸ਼ ਵਿਦੇਸ਼ ਤੋਂ ਮਿੱਤਰਾਂ ਪਾਸੋਂ ਉਨ੍ਹਾਂ ਦੀਆਂ ਯਾਦਾਂ ਇਕੱਠੀਆਂ ਕਰਕੇ ਇਕ ਲੜੀ ਵਿਚ ਪਰੋਣ ਦਾ ਯਤਨ ਕੀਤਾ ਗਿਆ ਹੈ . ਇਸ ਮੌਕੇ ਪ੍ਰੋ: ਜਲੌਰ ਸਿੰਘ ਖੀਵਾ ਨੇ ਕਿਹਾ ਕਿ ਜਦੋਂ ਬਰਾੜ ਉਨ੍ਹਾਂ ਪਾਸ ਕਾਲਜ ਵਿਚ ਆਇਆ ਤਾਂ ਉਹ ਬਹੁਤ ਸ਼ਰਮਾਕਲ ਅਤੇ ਪੇਂਡੂ ਸੱਭਿਆਚਾਰ ਦੀ ਝਲਕ ਦਾ ਇਜ਼ਹਾਰ ਕਰਦਾ ਸੀ . ਉਨ੍ਹਾਂ ਆਪਣੇ ਸੁਭਾਅ ਮੁਤਾਬਿਕ ਉਸ ਅੰਦਰ ਛਿਪੀ ਪ੍ਰਤਿਭਾ ਨੂੰ ਵੇਖਿਆ ਤੇ ਉਸ ਨੂੰ ਤਰਾਸ਼ਣ ਦਾ ਬੀੜਾ ਚੁੱਕਿਆ . ਉਨ੍ਹਾਂ ਕਿਹਾ ਕਿ ਰਾਜ ਬਰਾੜ ਦਾ ਕਲਾਕਾਰ ਮਨ ਗਾਇਕੀ ਜਾਂ ਗੀਤਕਾਰੀ ਤੱਕ ਹੀ ਸੀਮਤ ਨਹੀਂ ਰਿਹਾ, ਸਗੋਂ ਜਵਾਨੀ ਜਿੰਦਾਬਾਦ ਵਰਗੀਆਂ ਪੰਜਾਬੀ ਫਿਲਮਾਂ ਵਿਚ ਵੀ ਜਵਾਨੀ ਦੀਆਂ ਸਿਖਰਾਂ ਛੋਂਹਦਾ ਪ੍ਰਤੀਤ ਹੁੰਦਾ ਹੈ . ਇਸ ਮੌਕੇ ਕੁਲਦੀਪ ਮਲਕੇ, ਗੁਰਪ੍ਰੀਤ ਕੁਲਾਰ, ਅਮਰਜੀਤ ਬੈਨੀਪਾਲ ਸਮੇਤ ਕਈ ਹੋਰ ਪਤਵੰਤੇ ਹਾਜ਼ਰ ਸਨ . ਕਿਤਾਬ ਸੰਬੰਧੀ ਹੋਰ ਜਾਣਕਾਰੀ ਲਈ ਇਸਦੇ ਲੇਖਕ ਸੇਖੋਂ ਜੰਡ ਵਾਲਾ ਨਾਲ +91 98727 05711 ਤੇ ਸੰਪਰਕ ਕੀਤਾ ਜਾ ਸਕਦਾ ਹੈ ।




KARTAR FURNITURE
ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਊ ਨਾਮ


ਕਰਤਾਰ ਫਰਨੀਚਰ
■ ਅਸੀ ਸੋਫਾ ਸੈਟ ਖੁਦ ਹੱਥੀ ਤਿਆਰ ਕਰਦੇ ਹਾਂ
■ ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੈਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
■ ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ
Email: kartarfurnitue@live.com
Call Rajinder Singh 416.741.9657
69 Westmore Dr. #20 Etobicoke ON, M9V 3Y6

# ਦਸੰਵਰੀ ਦੀ ਦਾਸਤਾਨ

–ਡਾ ਗੁਰਬਖ਼ਸ਼ ਸਿੰਘ ਭੰਡਾਲ

ਦਸੰਵਰੀ, ਦਸੰਬਰ ਤੇ ਜਨਵਰੀ ਦਾ ਸੁਮੇਲ। ਦੋਹਾਂ ਦੀ ਅਮਿੱਟ ਨੇੜਤਾ।ਇਕ ਦੂਜੇ ਨੂੰ ਮਿਲਣ ਅਤੇ ਵਿਛੜਣ ਦੀ ਲਗਾਤਾਰਤਾ। ਆਪਸੀ ਸਾਂਝ ਪਾਲਦਿਆਂ ਹੀ ਇਕ ਦੀ ਆਰੰਭਤਾ ਅਤੇ ਦੂਸਰੇ ਦੀ ਸਮਾਪਤੀ ਸਮਾਗਮ।

ਦਸੰਬਰ ਤੇ ਜਨਵਰੀ ਦੇ ਮਿਲਣ ਬਿੰਦੂ 'ਚੋਂ ਹੁੰਦਾ ਹੈ ਦਸੰਵਰੀ ਦਾ ਆਗਾਜ਼। ਮਿਲਣ-ਰਾਤਵਿਚ ਜਸ਼ਨਾਂ ਰਾਹੀਂ ਇਕ ਨੂੰ ਅਲਵਿਦਾ ਅਤੇ ਦੂਸਰੇ ਦੀ ਆਮਦ। ਇਹਜਸ਼ਨ-ਜਲੌਅ ਹਰ ਰੰਗ ਨੂੰ ਫਿੱਕਾ ਕਰਦੇ। ਜਸ਼ਨਾਂ 'ਚ ਮਧਮ ਪੈ ਜਾਂਦੀ ਪਿਛਲੇ ਸਾਲ ਦੀਆਂ ਦੁਸ਼ਵਾਰੀਆਂ ਅਤੇ ਅਸਫ਼ਤਾਵਾਂ ਦੀ ਕਸਕ।ਕਠਿਆਈਆਂਤੇ ਪੀੜਾ, ਆਪਣਿਆਂ ਦੇ ਮੋਢੇ ਲੱਗ ਰੋਂਦੀਆਂ ਦਿਲ ਦੀ ਵੇਦਨਾ। ਕਿਸੇ ਦੀ ਖੇੜਿਆਂ ਵਿਚੋਂ ਖੁਦ ਦੀ ਖੁਸ਼ੀ ਨੂੰ ਨਵੇਂ ਅਰਥ ਦੇਣ ਦੀ ਕੀਮਤੀ ਕਵਾਇਦ। ਦਸੰਬਰ ਅਤੇ ਜਨਵਰੀ ਜਦ ਦਸੰਵਰੀ ਦਾ ਰੂਪ ਵਟਾਉਂਦੇ ਤਾਂ ਸਮਿਆਂ ਦੀ ਸਰਦਲ 'ਤੇ ਇਕ ਸਾਲ ਦੇ ਬੀਤਣ ਦਾ ਜਸ਼ਨ ਮਨਾਉਂਦੇ ਅਤੇ ਦੂਸਰੇ ਦੇ ਸ਼ੁਭ-ਅਰੰਭ ਦੀ ਆਰਤੀ ਗਾਉਂਦੇ।

ਇਕ ਪਲ ਦੇ ਅੰਤਰ ਵਿਚ ਦਸੰਬਰ ਦਾ ਜਨਵਰੀ 'ਚ ਤਬਦੀਲ ਹੋਣਾ, ਬਹੁਤ ਕੁਝ ਤਬਦੀਲ ਕਰ ਦਿੰਦਾ। ਰੁੱਤ ਦੀ ਇਕਸਾਰਤਾ ਹੁੰਦਿਆਂ ਵੀ ਬਹੁਤ ਕੁਝ ਵਖਰੇਵਾਂ ਦੋਹਾਂ ਦੇ ਹਿੱਸੇ ਆਉਂਦਾ। ਇਸ ਵੱਖਰੇਵੇਂ ਕਾਰਨ ਹੀ ਦੋਵੇਂ ਮਹੀਨੇ ਆਪੋ-ਆਪਣੀ ਵਿਲੱਖਣਤਾ ਨੂੰ ਜਿਉਂਦੇ।

ਦਸੰਬਰ ਸਾਲ ਦਾ ਆਖਰੀ ਮਹੀਨਾ, ਪੂਰੇ ਸਾਲ ਦੀਆਂ ਕੀਰਤੀਆਂ, ਕਾਰਨਾਮਿਆਂ ਦੀ ਤਫ਼ਸੀਲ ਅਤੇ ਦਸਤਾਵੇਜ਼ੀ ਤਸਵੀਰ। ਕੀਤੀਆਂ ਖ਼ੁਨਾਮੀਆਂ, ਕੁਤਾਹੀਆਂ ਦਾ ਕੱਚਾ-ਚਿੱਠਾ।ਜਨਵਰੀ, ਆਉਣ ਵਾਲੇ ਸਮੇਂ ਦੀਆਂ ਤਰਜ਼ੀਹਾਂ ਅਤੇ ਤਮੰਨਾਵਾਂ ਨੂੰ ਭਵਿੱਖੀ ਤਰਤੀਬ ਤੇ ਨਵੀਂ ਤਕਬੀਰ ਨਾਲ ਤਕਦੀਰ ਨੂੰ ਨਵੀਆਂ ਮਸਤਕ ਰੇਖਾਵਾਂ ਨਾਲ ਸਜਾਉਣਾ ਅਤੇ ਭਵਿੱਖ ਦੀ ਝੋਲੀ ਵਿਚ ਕੁਝ ਨਵਾਂ ਨਰੋਇਆ ਪਾਉਣਾ।

ਦਸੰਬਰ ਬੀਤ ਚੁਕਿਆ ਵਕਤ, ਬੀਤੇ ਦੀਆਂ ਯਾਦਾਂ ਦੀ ਰੰਗਲੀ ਫੁੱਲਕਾਰੀ ਲੈ, ਆਖ਼ਰੀ ਅਲਵਿਦਾਈ ਲਈ ਹੱਥ ਹਿਲਾਉਂਦਾ ਜਦ ਕਿ ਜਨਵਰੀ ਨਵੀਆਂ ਆਸਾਂ ਤੇ ਵਿਸ਼ਵਾਸ਼ ਨਾਲ ਨਵੀਆਂ ਬੁਲੰਦਗੀਆਂ ਦਾ ਮਾਣਮੱਤਾ ਹਰਫ਼ ਬਣਨ ਲਈ ਆਉਣ ਵਾਲੇ ਸਮੇਂ ਨੂੰ ਖੁਸ਼-ਆਮਦੀਦ ਕਹਿੰਦਿਆਂ ਹੱਥ ਹਿਲਾਉਂਦਾ।

ਦਸੰਬਰ ਸਾਲ ਦੇ ਬੀਤਣ ਦਾ ਆਖਰੀ ਲਮਾਹ ਜਦ ਕਿ ਜਨਵਰੀ ਨਵੇਂ ਸਾਲ ਦੇ ਚੜਨ ਦੀ ਸ਼ਗਨੀ ਸ਼ੁਰੂਆਤ। ਦਸੰਬਰਪੈ ਰਹੀਆਂ ਤ੍ਰਿਕਾਲਾਂ, ਡੁੱਬ ਰਿਹਾ ਸੂਰਜ ਅਤੇ ਉਤਰ ਰਹੀ ਰਾਤ ਦੀ ਖ਼ੁਮਾਰੀ ਜਦ ਕਿ ਜਨਵਰੀ ਨਵੇਂ ਸਾਲ ਨੂੰ ਚਾਵਾਂ ਤੇ ਸੱਧਰਾਂ ਨਾਲ ਜੀ ਆਇਆਂ ਕਹਿਣ ਦੀ ਤਿਆਰੀ। ਸਰਘੀ ਦਾ ਆਮਦ ਵੇਲਾ, ਪਹੁ-ਫੁਟਾਲੇ ਦੀ ਆਸ 'ਚ ਪੂਰਬ ਵੰਨੀਂ ਲੱਗੀਆਂ ਅੱਖੀਆਂ। ਨਵੇਂ ਸੂਰਜ ਦੀ ਪਹਿਲੀ ਕਿਰਨ ਦੀ ਨਵੀਆਂ ਸੰਭਾਵਨਾਵਾਂ ਸੰਗ ਦਰ 'ਤੇ ਦਿਤੀ ਦਸਤਕ।

ਦਸੰਬਰ ਬੀਤ ਚੁੱਕੇ ਗਿਆਰਾਂ ਮਹੀਨਿਆਂ ਵਿਚ ਲਏ ਅਤੇ ਪੂਰੇ ਹੋਏ ਸੁਪਨਿਆਂ ਦੀ ਪੂਰਤੀ ਦਾ ਜਸ਼ਨ ਜਦ ਕਿ ਜਨਵਰੀ ਨੈਣਾਂ ਵਿਚ ਸਜਾਏ ਸੰਦਲੀ ਸੁਪਨਿਆਂ ਦੀ ਰਾਂਗਲੀ ਤਸ਼ਬੀਹ ਜਿਸਨੇ ਬਨਣਾ ਹੈ ਆਉਣ ਵਾਲੇ ਵਕਤ ਦੀ ਤਰਜ਼ੀਹ।

ਦਸੰਬਰ ਦਾ ਜਨਵਰੀ ਵਿਚ ਤਬਦੀਲ ਹੋਣ ਲਈ ਸਿਰਫ਼ ਇਕ ਪਲ ਦਾ ਵਕਫ਼ਾ। ਅੱਜ ਦਾ ਹੋ ਜਾਣਾ ਕੱਲ ਜਦ ਕਿ ਜਨਵਰੀ ਨੂੰ ਦਸੰਬਰ ਤੀਕ ਪਹੁੰਚਣ ਲਈ ਲੱਗ ਜਾਂਦੇ ਨੇ ਗਿਆਰਾਂ ਮਹੀਨੇ।

ਦਸੰਬਰ ਤੋਂ ਜਨਵਰੀ ਤੀਖ ਦਾ ਸਫਲਰ ਮਿਲਣ-ਮੇਲਾ, ਇਕ ਦੂਜੇ ਨੂੰ ਗਲੇ ਲਗਾਉਣ ਦੀ ਅਦਾਅ, ਆਪਸੀ ਗਲਵਕੜੀ ਵਿਚੋਂ ਆਉਂਦੀ ਮਹਿਕ ਨੂੰ ਸਾਹਾਂ 'ਚ ਵਸਾਉਣਾ ਅਤੇ ਇਕ ਦੂਜੇ ਤੋਂ ਜਿੰਦ ਨੂੰ ਘੋਲ ਘੁਮਾਉਣਾ ਜਦ ਕਿ ਜਨਵਰੀ ਤੋਂ ਦਸੰਬਰ ਦਾ ਫ਼ਾਸਲਾ, ਵਿੱਛੜਨ ਦੀ ਰੁੱਤ ਦੀ ਆਮਦ। ਵਿਛੋੜੇ ਦੀ ਇਸ ਲੰਮੀਂ ਉਡੀਕ ਵਿਚ ਬਹੁਤ ਕੁਝ ਬਦਲ ਜਾਂਦਾ।ਰੁੱਤਾਂ, ਮੌਸਮ, ਮਹੀਨੇ, ਦਿਨ ਤੇ ਤਕਦੀਰਾਂ ਅਤੇ ਇਹਨਾਂ ਦੇ ਬਦਲਣ ਨਾਲ ਮਨੁੱਖੀ ਸੋਚ ਵਿਚ ਆਇਆ ਬਦਲਾਅ, ਮਨੁੱਖ ਨੂੰ ਵੀ ਬਦਲ ਦਿੰਦਾ। ਬਦਲਾਅ ਜਦ ਉਸਾਰੂ ਹੁੰਦਾ ਤਾਂ ਵਿਛੋੜੇ ਵਿਚੋਂ ਵੀ ਵਿਸਮਾਦ ਪੈਦਾ ਹੁੰਦਾ ਪਰ ਜਦ ਇਹ ਬਦਲਾਅ ਸਵੈ-ਮਾਰੂ ਹੁੰਦਾ ਤਾਂ ਵਿਛੋੜੇ ਵਿਚੋਂ ਵੀ ਵਖਤ ਦੀ ਵਹਿੰਗੀ ਢੋਣ ਲਈ ਮਜ਼ਬੂਰ ਹੋਣਾ ਪੈਂਦਾ।

ਦਸੰਬਰ 'ਚ ਅੰਤਰੀਵ 'ਚ ਝਾਤੀ ਮਾਰ ਕੇ ਖ਼ੁਦ ਵਿਚੋਂ ਖ਼ੁਦ ਨੂੰ ਪਛਾਣੀਏ। ਖ਼ੁਦ ਦੀ ਫੋਲਾ-ਫਰਾਲੀ ਵਿਚੋਂ ਚੰਗਿਆਈਆਂ ਨੂੰ ਤਰਾਸ਼ ਅਤੇ ਬੁਰਿਆਈ ਨੂੰ ਨਕਾਰ, ਜਨਵਰੀ ਦੀ ਸਰਦਲ 'ਤੇ ਪੈਰ ਧਰਾਂਗੇ ਤਾਂ ਨਵਾਂ ਸਾਲ, ਜਨਵਰੀ ਦੇ ਦਰਾਂ ਵਿਚ ਪਾਣੀ ਡੋਲੇਗਾ ਅਤੇ ਤੇਲ ਚੋਅ ਕੇ ਸ਼ਗਨ ਵੀ ਮਨਾਵੇਗਾ ਕਿਉਂਕਿ ਚੰਗਿਆਈ ਨੇ ਜਨਵਰੀ ਅਤੇ ਆਉਣ ਵਾਲੇ ਵਕਤਾਂ ਨੂੰ ਨਵੇਂ ਨਕਸ਼ ਬਖਸ਼ਣੇ ਹੁੰਦੇ।

ਦਸੰਬਰ ਘੱਟ ਰਹੇ ਦਿਨਾਂ ਦਾ ਬਿੰਬ, ਰਾਤ ਦੇ ਲੰਮੇਰੇ ਹੋਣ ਦੀ ਨਿਸ਼ਾਨੀ, ਚਾਨਣ ਤੋਂ ਦੂਰ ਜਾਂਦੀਆਂ ਪੈੜਾਂ ਅਤੇ ਹਨੇਰਿਆਂ ਵੰਨੀਂ ਤੁੱਰਨ ਦੀ ਕਾਹਲ ਜਦ ਕਿ ਜਨਵਰੀ, ਦਿਨਾਂ ਦਾ ਵੱਧਣਾ, ਰੌਸ਼ਨ ਰਾਹਾਂ ਨੂੰ ਤੁਹਾਡੇ ਨਵੇਂ ਕਰਦਾ, ਰਾਤ ਦਾ ਅੰਧੇਰਾ ਆਪਣੀ ਸਫ਼ ਸਮੇਟਣ ਦੇ ਆਹਰ 'ਚ, ਦਿਨ ਦਾ ਵਾਧਾ ਸਮੇਂ ਦਾ ਧੰਨਭਾਗ।

ਦਸੰਬਰ ਵਿਚ ਠੰਢ ਦਾ ਕਹਿਰ। ਧੁੰਦਾਂ-ਗੁਬਾਰਾਂ ਦੀ ਤਰਾਸਦੀ ਰਾਹਾਂ ਤੇ ਰਸਤਿਆਂ 'ਤੇ ਫੈਲਦੀ। ਕੁੰਗੜੇ ਜਿਸਮਾਂ 'ਚ ਸੁੰਗੜ ਜਾਂਦੇ ਚਾਅ। ਜਨਵਰੀ ਨਾਲ ਆਉਂਦੀ ਲੋਹੜੀ ਦੀ ਰੁੱਤ, ਨਿੱਘ ਤੇ ਰੌਸ਼ਨੀ ਲੈ ਕੇ ਭਾਵਨਾਵਾਂ ਨੂੰ ਗਰਮਾਉਂਦੀ ਅਤੇ ਚਾਵਾਂ ਦੀ ਝੋਲੀ ਵਿਚ ਨਿੱਘੇ ਪਲ੍ਹਾਂ ਦੀਆਂ ਰਿਉੜੀਆਂ ਪਾਉਂਦੀ। ਸੂਹੇ ਚਿਹਰਿਆਂ ਦਾ ਜਲਾਲਹੈ ਜਨਵਰੀ ਦਾ ਕਮਾਲ। ਇਸ ਕਮਾਲਤਾ ਕਾਰਨ ਹੀ ਲੋਹੜੀ ਦੇ ਦੁਆਲੇ ਪੈਂਦੀ ਧਮਾਲ। ਖੁਸ਼ੀਆਂ ਤੇ ਖੇੜਿਆਂ ਦੀ ਸੱਤਵਰਗੀ ਆਭਾ ਵਿਚ ਨਿੱਖਰਦਾ ਏ ਵਿਹੜਾ। ਨਵੇਂ ਵਿਆਹ ਜਾਂ ਨਵ-ਜਨਮੇ ਦੀ ਬੱਚੇ ਦੀਆਂ ਖੁਸ਼ੀਆਂ ਨੂੰ ਸੰਗਤੀ ਰੂਪ ਵਿਚ ਮਨਾਉਣ ਲਈ ਹਰੇਕ ਨੂੰ ਹੁੰਦੀ ਜਨਵਰੀ ਦੀ ਉਡੀਕ ਅਤੇ ਦਸੰਬਰ ਦੇ ਜਲਦੀ ਤੋਂ ਜਲਦੀ ਬੀਤ ਜਾਣ ਦੀ ਦੁਆ।

ਦਸੰਬਰ ਅਤੇ ਜਨਵਰੀ ਮਹੀਨਿਆਂ ਵਿਚ ਇਕੋ ਜਹੇ ਦਿਨ ਪਰ ਇਕ ਪੁਰ-ਾਣੇ ਸਾਲ ਦਾ ਆਖ਼ਰੀ ਮਹੀਨਾ ਜਦ ਕਿ ਦੂਸਰਾ ਨਵੇਂ ਸਾਲ ਦਾ ਪਹਿਲਾ ਮਹੀਨਾ। ਦੋਹਾਂ ਵਿਚ ਕੜਾਕੇ ਦੀ ਸਰਦੀ। ਦਸੰਬਰ ਵਿਚ ਸਰਦੀ ਤੋਂ ਰਾਹਤ ਦੀ ਨਾ-ਉਮੀਦੀ ਜਦ ਕਿ ਜਨਵਰੀ ਵਿਚ ਠੰਢ ਤੋਂ ਮਿਲਣ ਵਾਲੀ ਰਾਹਤ ਦੀ ਆਸ ਜੋ ਮਨ ਨੂੰ ਭਰ ਦਿੰਦੀ ਕੋਸੇ ਅਹਿਸਾਸਾਂ ਸੰਗ।

ਦਸੰਬਰ, ਸਿੱਖਾਂ ਲਈ ਸੋਗ ਦਾ ਮਹੀਨਾ। ਅਨੰਦਪੁਰ ਸਾਹਿਬ ਦਾ ਕਿਲਾ ਛੱਡਣ ਤੋਂ ਸ਼ੁਰੂ ਹੋ ਕੇ ਸਰਸਾ ਨਦੀ 'ਤੇ ਪਰਿਵਾਰ ਦਾ ਵਿਛੜਣਾ।ਸਰਹਿੰਦ ਵਿਚ ਛੋਟੇ ਸਾਹਿਬਾਜ਼ਾਦਿਆਂ ਨੂੰ ਨੀਂਹਾਂ ਵਿਚ ਚਿੱਣ ਕੇ ਸ਼ਹੀਦ ਕਰਨਾ ਅਤੇ ਮਾਤਾ ਗੁਜਰੀ ਜੀ ਦੀ ਦਾ ਅਕਾਲ ਚਲਾਣਾ।ਵੱਡੇ ਸਾਹਿਬਜ਼ਾਦਿਆਂ ਦਾ ਚਮਕੌਰ ਦੀ ਜੰਗ ਵਿਚ ਸੈਂਕੜੇ ਸਿੱਖਾਂ ਸਮੇਤ ਸ਼ਹੀਦ ਹੋਣਾ। ਗੁਰੂਗੋਬਿੰਦ ਸਿੰਘ ਜੀ ਵਲੋਂ ਸ਼ਹਾਦਤਾਂ ਦੇ ਨਵੇਂ ਕੀਰਤੀਮਾਨਸਥਾਪਤ ਕਰਨ ਤੋਂ ਬਾਅਦ ਵੀ ਪ੍ਰਭੂ ਦੇ ਭਾਣੇ ਵਿਚ ਰਹਿੰਦਿਆਂ ਇਹ ਕਹਿਣਾ, "ਮਿਤ੍ਰ ਪਿਆਰੇ ਨੂੰ, ਹਾਲੁ ਮੁਰੀਦਾ ਦਾ ਕਹਣਾ। ਯਾਰੜੇ ਦਾ ਸਾਨੂੰ ਸੱਥਰ ਚੰਗਾ, ਭਠ ਖੇੜਿਆ ਦਾ ਰਹਣਾ"। ਇਹ ਸੰਤ ਸਿਪਾਹੀ ਦੀ ਉਚਤਮ ਮਾਨਸਿਕ ਅਵਸਥਾ ਦਾ ਚਿੱਤਰਨ ਏ ਜਿਸਨੂੰ ਸਮਝਣ ਤੋਂ ਆਕੀ ਹੋਏ, ਅਸੀਂ ਗੁੰਮਨਾਮੀ ਹੰਢਾ ਰਹੇ ਹਾਂ। ਸਿੱਖ ਇਤਿਹਾਸ ਵਿਚ ਦਸੰਬਰ ਅਤੇ ਸ਼ਹਾਦਤ ਦਾ ਗੂੜਾ ਸਬੰਧ। ਇਹ ਵੇਦਨਾ ਹਰ ਸਿੱਖ ਹਿਰਦੇ ਵਿਚ ਅੱਥਰੂਆਂ ਦੀ ਬਰਸਾਤ ਕਰਦੀ। ਪਰ ਦੁਖ ਹੁੰਦਾ ਜਦ ਸੋਗ-ਸਮਾਗਮਾਂ ਵੀ ਰਾਜਸੀ ਜਸ਼ਨ ਬਣ ਜਾਂਦੇ। ਜਨਵਰੀ, ਗੁਰੂ ਗੋਬਿੰਦ ਸਿੰਘ ਜੀ ਦੇ ਜਨਮ-ਜਸ਼ਨਾਂ ਨੂੰ ਮੁਖਾਤਬ। ਬੜਾ ਲੰਮਾ ਪੈਂਡਾ ਕਰਨਾ ਪਿਆ ਸੀ ਗੁਰੂ ਜੀ ਨੂੰ ਜਨਮ ਤੋਂ ਲੈ ਕੇ ਸ਼ਹਾਦਤਾਂ ਦੀ ਵਿਰਾਸਤ ਤੀਕ ਦਾ। ਜਨਮ ਤੋਂ ਸ਼ਹਾਦਤ ਤੀਕ ਦਾ ਸਫ਼ਰ ਹੈ ਜਨਵਰੀ ਤੋਂ ਦਸੰਬਰ ਤੀਕ ਦਾ ਜਿਸ ਵਿਚਸਿੱਖਾਂ ਨੂੰ ਰੱਤ ਲਿਬੜੇ ਵਰਕਿਆਂ ਰਾਹੀਂ ਇਤਿਹਾਸ ਸਿਰਜਣ ਲਈ, ਖ਼ੂਨ ਦੀਆਂ ਨਦੀਆਂ ਵਹਾਉਣੀਆਂ ਪਈਆਂ ਅਤੇ ਜ਼ੁਲਮ ਦੀ ਸੂਕਦੀਆਂ ਨਦੀਆਂ ਨੂੰ ਵੀ ਚੀਰਿਆ।

ਦਸੰਬਰ ਵਿਚ ਈਸਾਈ ਧਰਮ ਦੇ ਪੈਰੋਕਾਰ ਕਰਾਈਸਟ ਜੀਸਸ ਦੇ ਜਨਮ ਦਿਨ ਨੂੰ ਕ੍ਰਿਸਮਿਸ ਡੇ ਵਜੋਂ ਦੁਨੀਆਂ ਭਰ ਵਿਚ ਮਨਾਉਂਦੇ। ਦੁਨੀਆਂ ਦਾ ਸਭ ਤੋਂ ਵੱਡਾ ਧਰਮ ਹੈ ਈਸਾਈ ਮੱਤ ਜੋ ਅੱਜ ਕੱਲ ਬਾਕੀ ਧਰਮਾਂ ਵਾਂਗ ਹੀ ਵੱਖ-ਵੱਖ ਫਿਰਕਿਆਂ ਵਿਚ ਵੰਡਿਆ ਹੋਇਆ ਹੈ। ਈਸਾਈਆਂਲਈ ਇਸ ਦਿਨ ਦੀ ਉਡੀਕ ਵਿਚ ਸਾਲ ਬੜਾ ਲੰਬਾ ਹੋ ਜਾਂਦਾ। ਦਸੰਬਰ ਚੜਦੇ ਸਾਰ ਹੀ ਉਹਨਾਂ ਦੇ ਘਰਾਂ ਤੇ ਅਦਾਰਿਆਂ ਵਿਚ ਮੇਲੇ ਵਰਗੀਆਂ ਰੌਣਕਾਂ ਅਤੇ ਮਹਿਫ਼ਲਾਂ ਦਾ ਰੰਗ ਤਾਰੀ ਹੁੰਦਾ।

ਦਸੰਬਰ ਸਾਲ ਭਰ ਮਿਲੀਆਂ ਅਮਾਨਤਾਂ ਲਈ ਸ਼ੁਕਰਗੁਜਾਰੀ ਦਾ ਸਮਾਂ ਜਦ ਕਿ ਜਨਵਰੀਨਵੀਆਂ ਉਪਲਬਧੀਆਂ ਅਤੇ ਸਿਰਲੇਖਾਂ ਦੀ ਆਸ-ਅਰਦਾਸ।

ਦਸੰਬਰ ਬੀਤੇ ਦੀਆਂ ਗਲਤੀਆਂ ਵਿਚੋਂ ਸਿੱਖਣਾ, ਇਹਨਾਂ ਨੂੰ ਨਕਾਰਨਾ, ਸੁਧਾਰਨਾ ਅਤੇ ਪਿੰਡੇ ਹੰਢਾਈ ਜਿੱਲਤ-ਜ਼ਹਾਲਤ ਵਿਚੋਂ ਖ਼ੁਦ ਨੂੰ ਪਾਕ ਕਰਨਾ ਜਦ ਕਿ ਜਨਵਰੀ ਗਲਤੀਆਂ ਨੂੰ ਗੁਣ ਵਿਚ ਤਬਦੀਲ ਕਰ, ਗੁਣਆਤਮਿਕ ਕੀਰਤੀਮਾਨਾਂ ਦਾ ਹਾਣੀ ਬਣਨਾ।

ਦਸੰਬਰ, ਦਕਿਆਨੂਸੀ ਸੋਚਾਂ, ਵਹਿਮਾਂ-ਭਰਮਾਂ ਅਤੇ ਸੋਗੀ ਸੁਪਨਿਆਂ ਨੂੰ ਦਫ਼ਨਾਉਣ-ਵੇਲਾ ਜਦ ਕਿ ਜਨਵਰੀ ਨਵੇਂ ਸੁਪਨਿਆਂ ਦੀ ਤਾਮੀਰਦਾਰੀ ਲਈ ਨਵੀਂ ਸੋਚ ਦਾ ਆਗਮਨ। ਸੁਪਨ-ਰੰਗਤਾ ਅਤੇ ਸੁਪਨ-ਪ੍ਰਵਾਜ਼ ਦਾ ਪੈਗ਼ਾਮ ਲੈ ਕੇ, ਜਨਵਰੀ ਦੇ ਪਹਿਲੇ ਪਲ ਦੀ ਤੁਹਾਡੇ ਮਸਤਕ'ਤੇ ਦਸਤਕ।

ਦਸੰਵਰੀ ਸਮੇਂ ਦੀ ਨਿਰੰਤਰਤਾ ਦਾ ਪ੍ਰਮਾਣ ਅਤੇ ਵਕਤ ਦੀ ਪਹਿਚਾਣ।ਇਸਦੀ ਲਗਾਤਾਰਤਾ ਦੀ ਬਰਕਰਾਰੀ ਹੀ ਮਨੁੱਖ ਦਾ ਵਕਤ ਸਿਰ ਕੀਤਾ ਹੋਇਆ ਅਹਿਸਾਨ ਜਿਸਦੀ ਵੱਖਰੀ ਏ ਸ਼ਾਨ।

ਦਸੰਬਰ, ਡੁੱਬ ਰਹੇ ਸੂਰਜ ਦੀ ਗਹਿਰ ਜਦ ਕਿ ਜਨਵਰੀ, ਚੜ੍ਹਦੇ ਸੂਰਜ ਦੀ ਲਾਲੀ। ਦਸੰਬਰ, ਉਤਰ ਰਹੀ ਰਾਤ ਦੀ ਕਾਹਲ ਜਦ ਕਿ ਜਨਵਰੀ, ਬਨੇਰਿਆਂ ਤੋਂ ਉਤਰ ਰਹੀ ਸਵੇਰ ਦੀ ਮਟਕਵੀਂ ਤੋਰ। ਦਸੰਬਰ, ਅਲਸਾਏ ਪਲਾਂ ਦਾ ਸ਼ੋਰ ਜਦ ਕਿ ਜਨਵਰੀ, ਜਾਗਦੇ ਤੇ ਧੜਕਦੇ ਪਲਾਂ ਦੀ ਲੋਰ। ਦਸੰਬਰ, ਥੱਕੇ ਹੋਏ ਕਦਮਾਂ ਲਈ ਅਰਾਮ ਜਦ ਕਿ ਜਨਵਰੀ, ਨਵੇਲੇ ਕਦਮਾਂ ਦਾ ਨਵੀਆਂ ਪੈੜਾਂ ਉਕਰਨ ਦਾ ਐਲਾਨ। ਦਸੰਬਰ, ਨਿੰਦਰਾਏ ਦੀਦਿਆਂ ਦੇ ਕੋਏ ਜਦ ਕਿ ਜਨਵਰੀ, ਅੱਖਾਂ ਵਿਚ ਜੱਗ ਰਹੇ ਸੂਰਜੀ-ਦੀਵੇ। ਦਸੰਬਰ, ਡਾਇਰੀ ਦੇ ਆਖ਼ਰੀ ਪੰਨੇ 'ਤੇ ਅਲਵਿਦਾਇਗੀ ਦੀ ਸੋਗੀ ਇਬਾਰਤ ਜਦ ਕਿ ਜਨਵਰੀ, ਨਵੀਂ ਡਾਇਰੀ 'ਤੇ ਪਹਿਲੇ ਪੰਨੇ 'ਤੇ ਕਵਿਤਾ ਦੀ ਇਬਾਦਤ। ਦਸੰਬਰ, ਸਾਲ ਦੇ ਪਿੰਡੇ ਤੋਂ ਪੁਰਾਣੇ ਲਿਬਾਸ ਨੂੰ ਉਤਾਰਨ ਦਾ ਅਹਿਸਾਸ ਜਦ ਕਿ ਜਨਵਰੀ, ਨਵੀਂ ਸੋਚ ਦੀ ਪਾਕੀਜ਼ਗੀ ਅਤੇ ਪ੍ਰਤੀਬੱਧਤਾ ਵਿਚ ਗੁੰਨੀ ਨਰੋਈ ਆਸ ਜੋ ਏ ਜੀਵਨ ਦਾ ਯੁੱਗ-ਜਿਉਂਦਾ ਧਰਵਾਸ।

ਦਸੰਬਰ, ਮਾਣੀਆਂ ਸਾਝਾਂ ਤੇ ਦੋਸਤੀਆਂ ਦਾ ਧੰਨਵਾਦ। ਸ਼ੁਕਰਾਨੇ ਲਈ ਮਿੱਤਰਾਂ ਦੀ ਮਿਲਣਧਾਰਾ। ਜਦ ਕਿ ਜਨਵਰੀ, ਪੁਰਾਣੀਆਂ ਸਾਂਝਾਂ ਦੇ ਨਾਲ-ਨਾਲ ਨਵੇਂ ਸਬੰਧਾਂ ਤੇ ਰਿਸ਼ਤਿਆਂ ਨੂੰ ਨਵੀਂ ਤਰਕੀਬ ਅਤੇ ਨਿਵੇਕਲੀ ਅਨੁਪਾਤ ਦੇ ਕੇ, ਇਸ ਵਿਚੋਂ ਸੁਗੰਧਤ ਸਮਿਆਂ ਦੀ ਭਵਿੱਖਬਾਣੀ ਦਾ ਕਿਆਸਿਆ ਸੱਚ।

ਦਸੰਬਰ ਅੰਤ ਹੈ ਸਾਲ ਦਾ ਜਦ ਕਿ ਜਨਵਰੀ ਆਦਿ ਹੈ ਸਾਲ ਦਾ। ਦਸੰਬਰਤੇ ਜਨਵਰੀ ਵੱਖ-ਵੱਖ ਹੋ ਕੇ ਵੀ ਇਕ ਦੂਜੇ ਤੋਂ ਦੂਰ ਨਹੀਂ ਰਹਿ ਸਕਦੇ। ਇਹਨਾਂ ਦੀ ਮਿਲਣ-ਰੁੱਤ ਬਾ-ਦਸਤੂਰ ਜਾਰੀ। ਪਰ ਅਸੀਂ ਇਕ ਵਾਰ ਟੁੱਟਣ ਤੋਂ ਬਾਅਦ ਮਿਲਣ ਲਈ ਉਚੇਚ ਕਰਨਾ ਹੀ ਭੁੱਲ ਜਾਂਦੇ। ਚਿਰਾਂ ਦੇ ਵਿਛੜੇ ਮਿੱਤਰਾਂ ਨੂੰ ਮਿਲਣ ਦੀ ਤਮੰਨਾ ਮਨ ਵਿਚ ਪਾਲਣਾ, ਤੁਹਾਡਾ ਸੱਜਣਾਂ ਅਤੇ ਜ਼ਿੰਦਗੀ ਪ੍ਰਤੀ ਨਜ਼ਰੀਆ ਹੀ ਬਦਲ ਲਾਵੇਗਾ।

ਦਸੰਬਰ ਤੇ ਜਨਵਰੀ ਨੂੰ ਵੱਖਰਾ ਨਾ ਸਮਝੋ ਸਗੋਂ ਇਸਨੂੰ ਦਸੰਵਰੀ ਦੇ ਰੂਪ ਵਿਚ ਸੋਚ-ਸਮਾਧੀ ਵਿਚ ਧਰੋਗੇ ਤਾਂ ਤੁਹਾਨੂੰ ਇਸਦੇ ਵਖਰੇਵਾਂ ਦੀ ਪੀੜਾ ਨਹੀਂ ਹੋਵੇਗੀ ਸਗੋਂ ਇਹਨਾਂ ਦੇ ਮਿਲਣ ਦਾ ਅਨੂਠਾ ਅਹਿਸਾਸ ਹੋਵੇਗਾ।ਵਿਛੜਨ ਰੁੱਤ ਨਾਲੋਂ ਮਿਲਣ ਰੁੱਤ ਨੂੰ ਕਿਆਸੋ, ਜੀਵਨ-ਨਾਦ ਤੁਹਾਡੀ ਜੀਵਨ-ਬੀਹੀ ਵਿਚ ਅਨਾਦੀ ਸੁਰ ਛੇੜਦਾ ਰਹੇਗਾ।

ਦਸੰਵਰੀ ਸਾਡੇ ਚੇਤਿਆਂ ਵਿਚ ਇਹ ਵੀ ਧਰਦੀ ਕਿ ਸਮੇਂ ਦੀ ਚਾਲ ਨਿਰੰਤਰ ਏ ਅਤੇ ਕਿਸੇ ਵੀ ਥਿਰ ਨਹੀਂ ਰਹਿਣਾ। ਦਸੰਬਰ ਤੋਂ ਬਾਅਦ ਜਨਵਰੀ ਅਤੇ ਫਿਰ ਦਸੰਬਰ ਨੇ ਪਰਤਣਾ ਏ। ਇਸ ਲਈ ਮਿਲਣਾ ਤੇ ਵਿਛੜਨਾ, ਸੂਰਜ ਦਾ ਡੁੱਬਣਾ ਤੇ ਚੜਨਾ, ਰੁੱਤ ਦਾ ਆਉਣਾ ਤੇ ਜਾਣਾ, ਬਹਾਰਾਂ ਤੇ ਪੱਤਝੱੜਾਂ ਦੀ ਫੇਰੀ, ਸੌਣ-ਭਾਦੋਂ ਤੇ ਜੇਠ-ਹਾੜ ਦੇ ਮੌਸਮੀ ਵਰਤਾਰੇ, ਸਰਦੀ ਤੇ ਗਰਮੀ, ਖੁਸੀਆਂ ਤੇ ਖੇੜੇ, ਦੁੱਖ ਤੇ ਸੁੱਖ, ਆਸਾ ਤੇ ਨਿਰਾਸ਼ਾ, ਹਾਸੀ ਤੇ ਉਦਾਸੀ, ਸਕਾਰਤਮਿਕਤਾ ਅਤੇ ਨਕਾਰਤਮਿਕਤਾ, ਹਾਸਲਾਂ ਦੀ ਆਮਦ ਜਾਂ ਅਸਫ਼ਲਤਾਵਾਂ ਦਾ ਆਵਾਗੌਣ, ਪ੍ਰਾਪਤੀਆਂ ਦਾ ਅਹਿਸਾਸ ਜਾਂ ਕੁਝ ਖੁੱਸਣ ਦਾ ਦਰਦ, ਆਦਿ ਵਰਤਾਰਿਆਂ ਨੇ ਸਦੀਵ ਰਹਿਣਾ। ਸਿਰਫ਼ ਲੋੜ ਹੈ ਕਿ ਅਸੀਂ ਜੀਵਨੀ ਰੰਗ-ਬਰੰਗਤਾ ਵਿਚੋਂ ਜੀਵਨ ਤੋਰ ਨੂੰ ਚਿਤਾਰੀਏ ਅਤੇ ਇਸਦੀ ਬਰਕਰਾਰੀ ਲਈ ਸੰਤੁਲਤ ਸੋਚ ਨੂੰ ਜੀਵਨ-ਸ਼ੈਲੀ ਬਣਾਈਏ।

ਦਸੰਵਰੀ, ਦਿਲਾਂ ਨੂੰ ਜੋੜਨ ਲਈ ਦੁਆ। ਭਰਾਤਰੀਭਾਵ ਅਤੇ ਸਮਾਜਿਕ ਸਬੰਧਾਂ ਵਿਚ ਪਕਿਆਈ ਲਈ ਪ੍ਰਾਰਥਨਾ। ਸਭਨਾਂ ਲਈ ਆਸ ਤੇ ਵਿਸ਼ਵਾਸ਼ ਲਈ ਅਰਦਾਸ। ਹਰ ਵਿਹੜੇ ਵਿਚ ਚਾਵਾਂ ਤੇ ਸੱਧਰਾਂ ਦੀ ਭਰਪੂਰਤਾ ਲਈ ਅਰਜ਼ੋਈ। ਬਿਨ-ਛੱਤਿਆਂ ਲਈ ਅੰਬਰੀ ਲੋਈ। ਡਿਗਦੇ ਲਈ ਡੰਗੋਰੀ ਜਹੀ ਸੋਚ। ਬੇਹੋਸ਼ਿਆਂ ਦੇ ਪੱਲੇ ਵਿਚ ਪਾਈ ਜਾਣ ਵਾਲੀ ਹੋਸ਼ ਦੀ ਕਾਮਨਾ।

ਦਸੰਵਰੀ ਨੂੰ ਮੁਖ਼ਾਤਬ ਹੋਣ ਲੱਗਿਆ ਤਾਂ ਬੀਤਿਆ ਸਾਲ ਮੇਰੇ ਸਾਹਵੇਂ ਬਹੁਤ ਸਾਰੇ ਪ੍ਰਸ਼ਨ ਲੈ, ਮੈਨੂੰ ਪ੍ਰਸ਼ਨ ਹੀ ਬਣਾ ਗਿਆ;

ਉਦਾਸ ਜਿਹਾ ਹੋਇਆ ਬੀਤਿਆ ਵਰ੍ਹਾ
ਮੈਨੂੰ ਮੁਖਾਤਬ ਹੋ ਪੁੱਛਣ ਲੱਗਾ
ਜਰਾ ਕੁ ਦੱਸੀਂ'
ਮਨੁੱਖ ਨੇ
ਅਜੇ ਹੋਰ ਕਿੰਨੇ ਕੁ ਸਾਹਾਂ ਨੂੰ
ਦਫਨਾਉਣਾ ਏ
ਕਿੰਨੀ ਕੁ ਜ਼ਹਿਰ ਧਰਤੀ 'ਚ
ਮਿਲਾਉਣਾ ਏ
ਪਲੀਤ ਪਾਣੀਆਂ ਦਾ ਕਿੰਨਾ ਕੁ ਹੋਰ
ਹੱਠ ਪਰਖਣਾ ਏ
ਅਤੇ ਹੌਕਾ ਹੌਕਾ ਹੋਈ ਪੌਣ 'ਚ
ਕਿੰਨੀਆਂ ਹੋਰ ਹਿੱਚਕੀਆਂ ਬੀਜਣੀਆਂ
ਨੇ

ਜਰਾ ਕੁ ਇਹ ਵੀ ਦੱਸੀਂ ਕਿ
ਆਦਮ-ਜਾਤ ਨੇ ਕਿੰਨੀਆਂ ਕੁ ਦੇ
ਸੁਪਨਿਆਂ ਦਾ ਚੀਰ ਹਰਨ ਕਰਨਾ ਏ,
ਕਿੰਨਿਆਂ ਦੇ ਜੀਵਨ-ਮਾਰਗ ਦੇ ਨਾਂ
ਕੰਡਿਆਂ ਦਾ ਕਫ਼ਨ ਕਰਨਾ ਏ
ਕਿੰਨਿਆਂ ਨੂੰ ਸੁੱਰਖ-ਰੁੱਤੇ ਕਬਰਾਂ ਦੇ
ਹਵਾਲੇ ਕਰਨਾ ਏ
ਤੇ ਕਿੰਨੀਆਂ ਡੰਗੋਰੀਆਂ ਦੀ ਅੱਖ ਵਿਚ
ਅੱਥਰੂ ਧਰਨਾ ਏ

ਬੜੀ ਮਿਹਰਬਾਨੀ ਹੋਵੇਗੀ ਜੇ ਇਹ ਵੀ
ਦੇਵੇਂ
ਕਿ
ਕਿੰਨੇ ਅੰਬਰਾਂ ਨੂੰ ਗੰਧਲਾ ਕਰਨਾ ਏ
ਕਿੰਨੇ ਸੂਰਜਾਂ ਦੀ ਕੁੱਖ ਵਿਚ ਗ਼ਮ
ਧਰਨਾ ਏ
ਕਿੰਨੇ ਤਾਰਿਆਂ ਦੀ ਆਉਧ ਨਾਲ
ਖਿਲਵਾੜ ਕਰਨਾ ਏ
ਅਤੇ ਕਿੰਨਿਆਂ ਨੂੰ ਟੁੱਟਦੇ ਤਾਰਿਆਂ
ਜਹੀ ਮੌਤੇ ਮਾਰਨਾ ਏ।

ਦੱਸੀਂ ਤਾਂ ਸਹੀ ਕਿ
ਕਿੰਨੀਆਂ ਨੇ ਘਰੇ ਕੰਜਕਾਂ ਖੁਆਈਆਂ
ਕਿੰਨੀਆਂ ਨੇ ਕੁੱਖ ਵਿਚਲੀਆਂ ਕੰਜਕਾਂ
ਮਾਰ ਮੁਕਾਈਆਂ
ਕਿੰਨੀਆਂ ਨੂੰਹਾਂ ਅਗਨ ਭੇਂਟ ਹੋਈਆਂ
ਤੇ ਕਿੰਨੀਆਂ ਪਤੀਆਂ ਹੱਥੋਂ ਜਿਬਾਹ
ਹੋਈਆਂ।

ਇਹ ਜਰੂਰ ਦੱਸੀਂ ਕਿ
ਕਿਹੜੇ ਰਿਸ਼ਤਿਆਂ ਵਿਚ ਤਰੇੜਾਂ
ਉਗੀਆਂ
ਕਿਹੜੇ ਸਬੰਧਾਂ ਦਾ ਅਨਰਥ ਹੋਇਆ
ਕਿਹੜੇ ਸੰਗੀਆਂ ਨੇ ਆਦਰਾਂ ਨੂੰ ਕੋਹਿ-
ਹਆ
ਅਤੇ ਕਿਹੜਾ ਰਿਸ਼ਤਾ ਹੋਂਦ ਤੋਂ ਹੀ
ਮੁਨਕਰ ਹੋਇਆ।

ਹਰ ਵਾਰ
ਨਵਾਂ ਸਾਲ ਮੁਬਾਰਕ ਆਖਣ ਵਾਲਿਆ
ਮੇਰੀ ਹਿੱਕ 'ਤੇ ਲੱਗੇ ਜਖ਼ਮਾਂ ਦੀ
ਤਵਾਰੀਖ਼ ਪੜ੍ਹ।

ਵਾਸਤਾ ਈ!
ਇਸ ਵਾਰ ਕਿਸੇ ਨੂੰ ਪਹਿਲੇ ਸਾਲਾਂ
ਵਰਗਾ
'ਨਵਾਂ ਸਾਲ ਮੁਬਾਰਕ' ਨਾ ਕਹੀਂ
ਨਾ ਕਹੀਂ
ਕਿਸੇ ਨੂੰ ਨਵਾਂ ਸਾਲ ਮੁਬਾਰਕ।

ਦਸੰਵਰੀ ਦੀ ਦਰਿਆ-ਦਿਲੀ ਨੂੰ ਦਿਲ ਦੇ ਨਾਮ ਕਰਨਾ, ਆਦਮੀਅਤ ਤੇ ਬੰਦਿਆਈ ਨੂੰ ਅਪਨਾਉਣ ਵਿਚ ਤੁਸੀਂ ਪਹਿਲ ਜ਼ਰੂਰ ਕਰੋਗੇ।

ਅਜੇਹੀ ਆਸ ਕਰਨਾ, ਕਲਮ ਦਾ ਹੱਕ ਤਾਂ ਹੈ।

# ਮੋਮਜ ਸੇਹਤ ਲਈ ਸਾਬਿਤ ਹੋ ਸਕਦਾ ਹੈ ਅਤਿ ਖਤਰਨਾਕ

ਮੋਮਜ ਬੀਮਾਰੀਆ ਦਾ ਦੂਜਾ ਨਾ ਹੈ। ਇਹ ਲੱਸਣ ਤੋ ਬਣਦਾ ਹੈ। ਇਹ ਬਹੁਤ ਹੀ ਗਰਮ ਪ੍ਰਿਕਤੀ ਦਾ ਖਾਦ ਪਦਾਰਥ ਹੈ।

ਵੱਧੀ ਹੋਈ ਅਗਨੀ, ਪਿੱਤ ਪ੍ਰਕਿਰਤੀ, ਅਲਸਰ, ਬਵਾਸੀਰ ਅਤੇ ਤੇਜਾਬ ਦੇ ਮਰੀਜਾਂ ਲਈ ਇਹ ਜਹਿਰ ਸਾਮਾਨ ਹੈ। ਵਾਤਾਵਰਨ ਵਿੱਚ ਭਿਆਨਕ ਗਰਮੀ, ਸਰੀਰਕ ਗਰਮੀ ਤੇ ਤੀਜਾ ਲਸਨ ਦੀ ਗਰਮੀ ਨਾਲ ਵਿਅਕਤੀ ਕੁਝ ਘੰਟਿਆਂ ਵਿੱਚ ਹੀ ਬੀਮਾਰੀਆ ਦੇ ਖੂਹ ਵਿੱਚ ਡਿੱਗ ਪੈਂਦਾ ਹੈ।



ਮੋਮਜ ਖਾਣ ਨਾਲ :--
ਚੇਹਰੇ ਉੱਪਰ ਭਿਆਨਕ ਕਿੱਲ ਮੁਹਾ-ਸੇ।
ਸਰੀਰ ਉੱਪਰ ਖਾਰਸ, ਧੱਧਰੀਆ
ਪਿਸਾਬ ਜਲਨ,
ਪੇਟ ਮੱਚਣਾ,
ਜੀਭ, ਮੂੰਹ ਵਿੱਚ ਛਾਲੇ, ਗਰਮੀ,
ਪੇਟ ਖਰਾਬੀ,
ਲੀਵਰ ਦੇ ਫੰਕਸਨ ਡਿਸਟਰਬ,
ਅਲਸਰ,
ਖ਼ੂਨੀ ਬਵਾਸੀਰ,
ਨਕਸੀਰ ਫੱਟਣਾ,
ਤੇਜਾਬ ਬਣਨਾ,
ਇਸਤਰੀਆਂ ਨੂੰ ਜਿਆਦਾ ਬਲੀਡਿੰਗ,
ਜਿਆਦਾ ਮਹਾਵਾਰੀ

ਆਦਿ ਰੋਗ ਹੋ ਜਾਦੇ ਹਨ। ਘੰਟਿਆਂ ਵਿੱਚ ਹੀ ਵਿਅਕਤੀ ਦੀ ਦਿੱਖ ਬਦਲ ਜਾਦੀ ਹੈ। ਨੋਜਵਾਨਾ ਵਿਚ ਅਗਨੀ ਵਧੇਰੇ ਸਰਗਰਮ ਹੁੰਦੀ ਹੈ, ਮੋਮਜ ਦੇ ਮਾਰੂ ਪ੍ਰਭਾਵ ਵਧੇਰੇ ਨੋਟ ਕੀਤੇ ਹਨ, ਏਸ ਨੂੰ ਨਹੀਂ ਖਾਣਾ ਚਾਹੀਦਾ ਹੈ। ਕਫ ਅਤੇ ਵਾਤ ਪ੍ਰਕਿਰਤੀ ਲਈ ਇੱਕ ਛੋਟਾ ਮੋਮਜ ਲਾਭਦਾਇਕ ਹੋ ਸਕਦਾ ਹੈ ਬਸਰਤੇ ਕੇ ਖਾਣ ਵਾਲਾ ਅਲਸਰ, ਤੇਜਾਬ ਤੋ ਪੀੜਤ ਨਾ ਹੋਵੇ। ਮੋਮਜ ਲਸਨ ਦੇ ਸੁੱਧੀਕਰਨ ਤੋ ਬਾਅਦ ਬਣੇ ਹੋਣ। ਪੰਜਾਬ ਵਾਸੀਆ ਨੂੰ ਮੋਮਜ ਤੋ ਪ੍ਰਹੇਜ ਕਰਨਾ ਚਾਹੀਦਾ ਹੈ।

ਲੇਖਕ ਇਲੈਕਰਟੋਰੀ ਹੋਮਿਓ ਪੈਥੀ ਮੈਡੀਸਨ ਦਾ ਪ੍ਰੈਕਟੀਸਨਰ ਹੈ।
ਗੁਰਵਿੰਦਰ ਸਿੰਘ 9814700975

# ਮਿੰਨੀ ਕਹਾਣੀ

## ਨਿੱਕੂ ਕੈਨੇਡੀਅਨ

–ਗੁਰਮੀਤ ਸਿੰਘ ਪਟਵਾਰੀ–

ਮੇਰੀ ਬਦਲੀ ਫਰੀਦਕੋਟ ਤੋਂ ਬਾਜਾਖਾਨਾ ਹੋ ਗਈ। ਬਸ ਤੋਂ ਉਤਰਨ ਪਿੱਛੋਂ ਆਪਣੇ ਦੋਸਤ ਦੇ ਟੈਂਟ ਹਾਊਸ 'ਚ ਜਾ ਬੈਠਣਾ ਅਤੇ ਨਾਲ ਦੀ ਚਾਹ ਦੀ ਦੁਕਾਨ ਵੱਲ ਮੂੰਹ ਕਰ ਕੇ ਆਵਾਜ਼ ਲਾਉਣੀ, ''ਨਿੱਕੂ ਇੱਕ ਕੱਪ ਚਾਹ, ਉਹ ਵੀ ਫਿੱਕਾ।''

ਉਸ ਨੇ ਖੁਸ਼ੀ ਖੁਸ਼ੀ ਪਿਆਲਾ ਲਿਆ ਕੇ ਮੇਰੇ ਸਾਹਮਣੇ ਰੱਖ ਦੇਣਾ ਅਤੇ ਥੋੜ੍ਹਾ ਜਿਹਾ ਰੋਸ ਜਤਾਉਂਦੇ ਹੋਏ ਮੈਨੂੰ ਅਹਿਸਾਸ ਕਰਵਾਉਣੀ, ''ਮੇਰਾ ਨਾਂ ਅਜੈ ਗਰਗ ਅਤੇ ਮਾਪਿਆਂ ਦਾ ਲਾਡਲਾ ਗੋਹਲੂ ਹੈ।'' ਜਦ ਉਸ ਨੇ ਅਜੈ ਸ਼ਬਦ 'ਤੇ ਜ਼ਿਆਦਾ ਜ਼ੋਰ ਦੇਣਾ ਤਾਂ ਮੇਰੇ ਦਿਲ ਦਿਮਾਗ 'ਚ ਇੱਕ ਉਛਾਲ ਜਿਹਾ ਆਉਣਾ।

''ਇਹ ਮੇਰਾ ਪਿਆਰ ਦਾ ਤਕੀਆ ਕਲਾਮ ਹੈ।'' ਮੈਂ ਉਸ ਨੂੰ ਦਲੀਲ ਦੇਣੀ। ਉਸ ਦੀ ਮਾਂ ਮੈਲੇ-ਕੁਚੈਲੇ ਕੱਪੜਿਆਂ ਵਿੱਚ ਜੂਠੇ ਭਾਂਡੇ ਮਾਂਜਦੀ, ਪਰ ਬੋਲਦੀ ਕੁਝ ਨਾ। ਹਮੇਸ਼ਾ ਮਿਹਨਤ ਮਜ਼ਦੂਰੀ ਨੂੰ ਪਹਿਲ ਦਿੰਦੀ ਅਤੇ ਬੇਟੇ ਨੂੰ ਵੀ ਪੜ੍ਹਾਈ ਪੂਰੀ ਕਰਨ ਲਈ ਪ੍ਰੇਰਦੀ।

ਜ਼ਿੰਦਗੀ ਆਪਣੀ ਤੋਰ ਤੁਰਦੀ ਗਈ। ਸਮਾਂ ਬੀਤਿਆ। ਮੈਂ ਅੱਜ ਫਿਰ ਗਿਆਰਾਂ ਸਾਲ ਬਾਅਦ ਉਸੇ ਮੁਕਾਮ 'ਤੇ ਜਾ ਕੇ ਫਿਰ ਉਹੀ ਰੱਟ ਲਾਈ, ''ਇੱਕ ਕੱਪ ਚਾਹ।'' ਪਿਆਰਾ ਹਾਜ਼ਰ ਸੀ। ਜਦ ਮੈਂ ਉਠਾਉਣ ਲਈ ਨਜ਼ਰ ਉਤਾਂਹ ਚੁੱਕੀ ਤਾਂ ਕੀ ਵੇਖਦਾ ਹਾਂ ਕਿ ਵਧੀਆ ਸਾੜ੍ਹੀ ਪਹਿਨੀ ਉਹੀ ਮਾਂ ਮੁਸਕਰਾ ਰਹੀ ਸੀ ਅਤੇ ਬਿਆਨ ਕਰ ਰਹੀ ਸੀ ਕਿ ''ਤੁਹਾਡਾ ਨਿੱਕੂ ਅਤੇ ਸਾਡਾ ਗੋਹਲੂ ਆਈਲੈਟਸ ਕਰ ਕੇ ਚੰਗੇ ਨੰਬਰ ਲੈ ਕੇ ਕੈਨੇਡਾ ਬੈਠੈ। ਸਾਨੂੰ ਵੀ ਬੁਲਾ ਰਿਹੈ। ਅਸੀਂ ਵੀ ਉਸ ਕੋਲ ਜਾ ਕੇ ਬਾਹਰਲੇ ਦੇਸ਼ ਦਾ ਆਨੰਦ ਮਾਣਾਂਗੇ।''

ਮੇਰਾ ਦਿਮਾਗ ਘੁੰਮਣਘੇਰੀ ਖਾ ਗਿਆ ਅਤੇ ਨਿੱਕੂ ਦੇ ਬੋਲ ਜੋ ਉਸ ਨੇ ਕਈ ਸਾਲ ਪਹਿਲਾਂ ਮੇਰੇ ਕੰਨੀਂ ਪਾਏ ਸਨ ਉਸ ਦੀ ਤਰੱਕੀ ਨੂੰ ਚਾਰ ਚੰਨ ਲਾ ਰਹੇ ਹਨ। ਜਿਸ ਸ਼ਬਦ 'ਤੇ ਜ਼ੋਰ ਦਿੰਦਾ ਸੀ 'ਅਜੈ' ਹਮੇਸ਼ਾ ਹੀ ਜਿੱਤ ਦਾ ਪ੍ਰਤੀਕ ਹੈ।

# ਹਲਕਾ ਫੁਲਕਾ

ਸਹੁਰਾ (ਫੋਨ 'ਤੇ, ''ਜਵਾਈ ਜੀ, ਕੱਲ੍ਹ ਤੁਹਾਡੇ ਸਾਲੇ ਲਈ ਕੁੜੀ ਦੇਖਣ ਜਾਣਾ ਹੈ, ਹੋ ਸਕੇ ਤਾਂ ਆ ਜਾਓ।''

ਜਵਾਈ, ''ਤੁਸੀਂ ਹੀ ਦੇਖ ਲਵੋ, ਮੇਰਾ ਤਾਂ ਆਪਣਾ ਫੈਸਲਾ ਗਲਤ ਹੋਇਆ ਪਿਆ ਹੈ।''

*********

ਪੱਪੂ, ''ਯਾਰ, ਮੈਂ ਪੂਰੀ ਰਾਤ ਸੌਂ ਨਹੀਂ ਸਕਿਆ।''

ਪ੍ਰਿੰਸ, ''ਕਿਉਂ ਕੀ ਗੱਲ ਹੋਈ?''

ਪੱਪੂ, ''ਮੈਂ ਇਹੋ ਸੋਚਦਾ ਰਿਹਾ ਕਿ ਜ਼ਿੰਦਗੀ ਬੱਸ ਚਾਰ ਦਿਨ ਦੀ ਹੈ ਅਤੇ ਮੈਂ ਇੰਟਰਨੈੱਟ ਪੈਕ ਤੀਹ ਦਿਨਾਂ ਦਾ ਪੁਆ ਲਿਆ ਹੈ।''

*********

ਭਰਤ, ''ਯਾਰ, ਬੜੀ ਸਮੱਸਿਆ ਹੈ।''

ਰਾਜੂ, ''ਕੀ ਹੋ ਗਿਆ?''

ਭਰਤ, ''ਪਿੰਡ ਵਿੱਚ ਬੱਤੀ ਇੰਨੀ ਵਾਰ ਆਉਂਦੀ-ਜਾਂਦੀ ਹੈ ਕਿ ਪੱਖਾ ਖੁਦ ਭੁੱਲ ਜਾਂਦਾ ਹੈ ਕਿ ਸੱਜੇ ਪਾਸੇ ਘੁੰਮਣਾ ਹੈ ਜਾਂ ਖੱਬੇ ਪਾਸੇ।''

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ
TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ




Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7

ਜ਼ਰੂਰ ਜਾਣੋ

|| ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ||

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224

# ਮੂਰਖਤਾ ਅਤੇ ਸਿਆਣੀ ਮੂਰਖਤਾ



ਅਮਨਪ੍ਰੀਤ ਸਿੰਘ
9465554088

ਇੱਕ ਮੂਰਖਤਾ ਦਾ ਤਾਂ ਆਪਾਂ ਸਭ ਨੂੰ ਪਤਾ ਹੀ ਹੈ, ਯਾਨੀ ਕਿ ਕੁਝ ਇਹੋ ਜਿਹਾ ਕਰਨਾ ਜਿਸ ਨਾਲ ਕਿਸੇ ਦਾ ਨੁਕਸਾਨ ਹੋ ਜਾਵੇ । ਇਸ ਦਾ ਸਹੀ ਅਰਥ ਇਹ ਤਾਂ ਨਹੀਂ, ਪਰ ਅੱਜ ਆਪਾਂ ਇਸ ਅਰਥ ਦੇ ਉਪਰ ਹੀ ਵਿਚਾਰ ਵਟਾਂਦਰਾ ਕਰਾਂਗੇ।

ਜਦੋਂ ਕੋਈ ਬਿਨ੍ਹਾ ਵਜਾਹ ਵੀ ਕਿਸੇ ਦਾ ਨੁਕਸਾਨ ਹੀ ਕਰੀ ਜਾਵੇ ਤਾਂ ਆਪਾਂ ਕਹਿੰਦੇ ਹਾਂ ਕਿ ਇਹ ਮੂਰਖਤਾ ਕਰ ਰਿਹਾ ਹੈ। ਇੰਝ ਕਰਨ ਨਾਲ ਇਸਨੂੰ ਕੀ ਮਿਲ ਜਾਵੇਗਾ। ਕਈ ਵਾਰ ਆਪਣੇ ਛੋਟੇ ਮੋਟੇ ਫਾਇਦੇ ਲਈ ਵੀ ਲੋਕ ਅਜਿਹੀ ਮੂਰਖਤਾ ਕਰਦੇ ਹਨ।

ਪਰ ਅੱਜ ਦੇ ਜ਼ਮਾਨੇ ਵਿੱਚ ਇੱਕ ਨਵੀਂ ਤਰ੍ਹਾਂ ਦੀ ਮੂਰਖਤਾ ਸਾਹਮਣੇ ਆਏ ਰਹੀ ਹੈ ਹੈ। ਇਸ ਦਾ ਨਾਮ ਹੈ ਸਿਆਣੀ ਮੂਰਖਤਾ । ਇਹ ਮੂਰਖਤਾ ਹੈ ਵੱਧ ਤੋਂ ਵੱਧ ਸਿਆਣਾ ਬਣਨ ਦੀ।

ਪਹਿਲਾਂ ਲੋਕ ਸਿਰਫ ਆਪਣੇ ਫਾਇਦੇ ਲਈ ਅਜਿਹੀ ਮੂਰਖਤਾ ਕਰਦੇ ਸਨ, ਪਰ ਹੁਣ ਲੋਕ ਆਪਣੇ ਆਪ ਨੂੰ ਜ਼ਿਆਦਾ ਸਿਆਣਾ ਦਿਖਾਉਣ ਲਈ ਵੀ ਅਜਿਹੀ ਮੂਰਖਤਾ ਕਰ ਰਹੇ ਹਨ।

ਉਦਾਹਰਣ ਦੇ ਤੌਰ ਤੇ ਮਨ ਲਵੋ ਇੱਕ ਸਿਆਣਾ ਬੰਦਾ ਪਿੰਡ ਵਿੱਚ ਹੈ, ਉਸਦੀ ਕਾਫੀ ਚੜ੍ਹਤ ਹੈ। ਜੇ ਉਸੇ ਪਿੰਡ ਵਿੱਚ ਇੱਕ ਹੋਰ ਸਿਆਣਾ ਅਤੇ ਕਾਮਾ ਬੰਦਾ ਆ ਜਾਵੇ, ਤਾਂ ਫਿਰ ਇੱਕ ਹੋੜ੍ਹ ਚਾਲ ਪੈਂਦੀ ਹੈ।

ਪਹਿਲਾ ਬੰਦਾ ਸਾਰੇ ਪਿੰਡ ਵਿੱਚ ਇਹ ਦਿਖਾਉਣਾ ਚਾਹੁੰਦਾ ਹੈ ਕਿ ਉਹ ਦੂਜੇ ਨਾਲੋਂ ਵੱਧ ਸਿਆਣਾ ਅਤੇ ਕਾਮਾ ਹੈ ਅਤੇ ਦੂਜਾ ਇਹ ਦਿਖਾਉਣ ਦੀ ਕੋਸ਼ਿਸ਼ ਕਰੇਗਾ ਕਿ ਉਹ ਪਹਿਲੇ ਨਾਲੋਂ ਵੱਧ ਸਿਆਣਾ ਅਤੇ ਕਾਮਾ ਹੈ।

ਇੱਕ ਦੂਜੇ ਨੂੰ ਸਿਆਣਪਤਾ ਵਿੱਚ ਪਿਛੇ ਪਛਾੜਨ ਦੀ ਰੇਸ ਵੀ ਭੈੜੀ ਸਾਬਿਤ ਹੋ ਸਕਦੀ ਹੈ। ਹੁਣ ਮੰਨ ਲਵੋ, ਦੂਜਾ ਬੰਦਾ ਪਹਿਲੇ ਬੰਦੇ ਨਾਲੋਂ ਸਿਆਣਪਤਾ ਪਿੰਡ ਵਿੱਚ ਦਿਖਾਉਣ ਵਿੱਚ ਅੱਗੇ ਨਿਕਲ ਗਿਆ। ਯਾਨੀ ਕਿ ਦੂਜੇ ਬੰਦੇ ਨੇ ਪਿੰਡ ਵਿੱਚ ਇਹ ਸਾਬਿਤ ਕਰ ਦਿੱਤਾ ਕਿ ਉਹ ਪਹਿਲੇ ਨਾਲੋਂ ਵੱਧ ਕਾਮਾ ਅਤੇ ਸਿਆਣਾ ਹੈ।

ਹੁਣ ਪਹਿਲਾ ਬੰਦਾ ਦੂਜੇ ਨਾਲ ਈਰਖਾ ਕਰਨ ਲਗ ਜਾਵੇਗਾ। ਇੱਥੇ ਉਹ ਇਹ ਸੋਚੇਗਾ ਕਿ ਉਹ ਕਿਸ ਤਰਾਂ ਦੂਜੇ ਬੰਦੇ ਨੂੰ ਪਿੱਛੇ ਕੱਢੇ । ਅੱਜ ਕੱਲ੍ਹ ਅਕਸਰ ਇਹ ਵੀ ਹੋ ਰਿਹਾ ਹੈ ਕਿ ਦੂਜੇ ਬੰਦੇ ਨੂੰ ਇਸ ਰੇਸ ਵਿੱਚ ਪਿਛੇ ਕੱਢਣ ਲਈ ਉਹ ਕੁਝ ਗਲਤ ਤਰੀਕੇ ਵੀ ਅਪਣਾਏਗਾ ।

ਦੂਜੇ ਬੰਦੇ ਦੁਆਰਾ ਕੀਤੇ ਗਏ ਸਹੀ ਕੰਮ ਨੂੰ ਵੀ ਉਹ ਗਲਤ ਸਾਬਤ ਕਰੇਗਾ। ਦੂਜੇ ਬੰਦੇ ਦੇ ਸਹੀ ਕੰਮ ਵਿੱਚ ਉਹ ਖਲਲ ਪਾਵੇਗਾ ਅਤੇ ਉਸਨੂੰ ਪੂਰੇ ਪਿੰਡ ਵਿਚ ਗਲਤ ਸਾਬਤ ਕਰਨ ਦੀ ਕੋਸ਼ਿਸ਼ ਕਰੇਗਾ।

ਕਈ ਵਾਰ ਉਹ ਕਾਮਯਾਬ ਵੀ ਹੋ ਜਾਵੇਗਾ ਅਤੇ ਕਈ ਵਾਰ ਨਾਕਾਮਯਾਬ ਵੀ। ਠੀਕ ਇਹੋ ਹੀ ਕੰਮ ਦੂਜਾ ਬਣਦਾ ਵੀ ਪਹਿਲੇ ਬੰਦੇ ਲਈ ਕਰ ਰਿਹਾ ਹੋਵੇਗਾ।

ਪੂਰੇ ਪਿੰਡ ਵਿਚ ਉਹ ਦੋਨੋਂ ਸਿਆਣੇ ਅਤੇ ਘਟਿਆ ਵੀ ਅਖਵਾਉਣਗੇ। ਅਸਲ ਵਿੱਚ ਉਹ ਦੋਨੋਂ ਸਿਆਣੇ ਮੂਰਖ ਹੋਣਗੇ। ਕਿਉਂਕਿ ਪਿੰਡ ਵਿੱਚ ਚੰਗੇ ਕੰਮ ਕਰਨ ਦੀ ਰੇਸ ਵਿਚ ਹੀ ਉਹ ਚੰਗੇ ਕੰਮਾਂ ਨੂੰ ਰੋਕ ਰਹੇ ਹੋਣਗੇ।

ਅਜਿਹੀ ਸਿਆਣਪਤਾ ਤੋਂ ਵੀ ਸਾਨੂੰ ਬਚਣਾ ਚਾਹੀਦਾ ਹੈ। ਅਜਿਹੀ ਸਿਆਣ-ਪਤਾ ਜ਼ਹਿਰੀਲੀ ਹੈ, ਅਜਿਹੀ ਸਿਆਣ-ਪਤਾ ਮੂਰਖਤਾ ਹੈ। ਅਜਿਹੀ ਸਿਆਣ-ਪਤਾ ਕਦ ਵੀ ਜ਼ੁਰਮ ਦਾ ਰੂਪ ਧਾਰ ਸਕਦੀ ਹੈ।

ਅਸਲ ਵਿੱਚ ਇਹ ਸਿਆਣਪਤਾ ਮੂਰਖਤਾ ਦਾ ਦੂਜਾ ਪਹਿਲੂ ਹੈ। ਜਿਸ ਤਰ੍ਹਾਂ ਇੱਕ ਸਿੱਕੇ ਦੇ ਦੋ ਪਾਸੇ ਹੁੰਦੇ ਹੁੰਦੇ ਹਨ, ਠੀਕ ਉਸੇ ਤਰਾਂ ਮੂਰਖਤਾ ਦੇ ਵੀ ਦੋ ਪਾਸੇ ਹੁੰਦੇ ਹਨ । ਅੱਜ ਆਪਾਂ ਮੂਰਖਤਾ ਦੇ ਦੂਜੇ ਪਾਸੇ ਨੂੰ ਜਾਣਿਆ ਹੈ।

# ਇਕ ਮਿਲੇ ਜੁਲੇ ਰੂਪ 'ਚ ਯਾਦ ਕੀਤਾ ਜਾਵੇਗਾ '2018'

-ਪੂਨਮ ਆਈ ਕੌਸ਼ਿਸ਼-

ਬੀਤੇ ਵਰ੍ਹੇ ਦਾ ਯਾਦਗਾਰੀ ਲੇਖ ਕਿਨ੍ਹਾਂ ਸ਼ਬਦਾਂ 'ਚ ਲਿਖੀਏ? ਸ਼ੈਂਪੇਨ ਦੀ ਬੋਤਲ ਖੋਲ੍ਹ ਕੇ ਢੋਲ ਨਗਾਰੇ ਵਜਾਈਏ? ਨਵੀਆਂ ਉਮੀਦਾਂ, ਸੁਪਨਿਆਂ ਅਤੇ ਵਾਅਦਿਆਂ ਨਾਲ ਨਵੇਂ ਸਾਲ 2019 ਦਾ ਸਵਾਗਤ ਕਰੀਏ? ਜਾਂ 12 ਮਹੀਨਿਆਂ 'ਚ ਲਗਾਤਾਰ ਪਤਨ ਵੱਲ ਵਧਦੇ ਰਹਿਣ 'ਤੇ ਸੋਗ ਪ੍ਰਗਟਾਈਏ?

ਸੰਨ 2018 ਨੂੰ ਇਤਿਹਾਸ 'ਚ ਇਕ ਮਿਲੇ ਜੁਲੇ ਸਾਲ ਦੇ ਰੂਪ 'ਚ ਯਾਦ ਕੀਤਾ ਜਾਵੇਗਾ। ਸਿਆਸੀ ਨਜ਼ਰੀਏ ਤੋਂ ਸਾਡੇ ਨੇਤਾਵਾਂ ਨੇ ਆਪਣੇ ਵੋਟ ਬੈਂਕ ਅਨੁਸਾਰ ਕੰਮ ਨਾ ਕਰਨ ਵਾਲੀ ਪ੍ਰਣਾਲੀ ਨੂੰ ਚਲਾਇਆ। ਕੀ ਸੰਨ 2018 ਨੂੰ ਇਕ ਅਜਿਹੇ ਸਾਲ ਦੇ ਰੂਪ ਵਿੱਚ ਯਾਦ ਕੀਤਾ ਜਾਵੇਗਾ, ਜਿਸ 'ਚ ਸਿਆਸੀ ਪਾਰਟੀਆਂ ਨੇ ਚੋਣਾਂ 'ਚ ਜਿੱਤ ਦੀ ਖਾਤਰ ਆਪਣੇ-ਆਪਣੇ ਵੋਟ ਬੈਂਕ ਨੂੰ ਸੰਤੁਸ਼ਟ ਕਰਨ ਲਈ ਕਦਮ ਚੁੱਕੇ?

ਮੱਧ ਪ੍ਰਦੇਸ਼, ਰਾਜਸਥਾਨ ਅਤੇ ਛੱਤੀਸਗੜ੍ਹ ਵਿਧਾਨ ਸਭਾ ਦੀਆਂ ਚੋਣਾਂ 'ਚ ਭਾਜਪਾ ਦੀ ਹਾਰ ਅਤੇ ਉਸ ਤੋਂ ਪਹਿਲਾਂ 11 ਸੂਬਿਆਂ 'ਚ ਹੋਈਆਂ ਉਪ ਚੋਣਾਂ 'ਚ ਲੋਕ ਸਭਾ ਦੀਆਂ ਚਾਰ ਅਤੇ ਵਿਧਾਨ ਸਭਾ ਦੀਆਂ 11 ਸੀਟਾਂ 'ਚੋਂ ਐਨ ਡੀ ਏ ਵਾਲੇ ਗੱਠਜੋੜ ਵੱਲੋਂ ਸਿਰਫ ਤਿੰਨ ਸੀਟਾਂ 'ਤੇ ਜਿੱਤ ਦਰਜ ਕਰਨਾ ਭਾਜਪਾ ਲਈ ਇਕ ਬੁਰਾ ਸੁਪਨਾ ਸੀ ਅਤੇ ਇਸ ਨਾਲ ਵਿਰੋਧੀ ਧਿਰ ਨੂੰ ਇਹ ਸੰਦੇਸ਼ ਮਿਲਿਆ ਕਿ ਸਥਾਨਕ ਪੱਧਰ 'ਤੇ ਇਕਜੁੱਟਤਾ ਦੇ ਜ਼ਰੀਏ ਉਹ ਭਾਜਪਾ ਨੂੰ ਹਰਾ ਸਕਦੀ ਹੈ। ਇਹੋ ਸਥਿਤੀ ਕਰਨ-ਾਟਕ ਦੀ ਰਹੀ, ਜਿਥੇ ਦੇਵੇਗੌੜਾ ਦੇ ਜਨਤਾ ਦਲ (ਐਸ) ਅਤੇ ਕਾਂਗਰਸ ਨੇ ਭਾਜਪਾ ਨੂੰ ਹਰਾਇਆ। ਐਨ ਡੀ ਏ ਗੱਠਜੋੜ ਨੇ ਆਪਣੀਆਂ ਦੋ ਸਹਿਯੋਗੀ ਪਾਰਟੀਆਂ ਆਂਧਰਾ ਪ੍ਰਦੇਸ਼ 'ਚ ਤੇਲਗੂ ਦੇਸਮ ਅਤੇ ਬਿਹਾਰ ਵਿੱਚ ਆਰ ਐਲ ਐਸ ਪੀ ਨੂੰ ਗੁਆਇਆ, ਜਦ ਕਿ ਸ਼ਿਵ ਸੈਨਾ, ਜਨਤਾ ਦਲ (ਯੂ), ਲੋਕ ਜਨਸ਼ਕਤੀ ਪਾਰਟੀ ਅਤੇ ਅਪਨਾ ਦਲ ਆਦਿ ਸੌਦੇਬਾਜ਼ੀ ਵਿੱਚ ਵੱਡਾ ਹਿੱਸਾ ਮੰਗਦੀਆਂ ਰਹੀਆਂ ਹਨ।

ਇਸ ਲਈ ਇਸ ਸਥਿਤੀ ਲਈ ਭਗਵਾ ਸੰਘ ਪਰਵਾਰ ਦੋਸ਼ੀ ਹੈ। ਭਾਜਪਾ ਨੂੰ ਇਕ ਕੱਟੜਵਾਦੀ ਪਾਰਟੀ ਦੇ ਰੂਪ 'ਚ ਦੇਖਿਆ ਜਾਂਦਾ ਹੈ, ਜਿਸ 'ਤੇ ਸੱਭਿਆਚਾਰਕ ਅਸਹਿਣਸ਼ੀਲਤਾ, ਘੱਟ ਗਿਣਤੀਆਂ 'ਤੇ ਤਸ਼ੱਦਦ ਅਤੇ ਗਊ ਦੀ ਸਿਆਸਤ ਕਰਨ ਦਾ ਦੋਸ਼ ਹੈ ਅਤੇ 'ਚੰਗੇ ਦਿਨ' ਲਿਆਉਣ ਲਈ ਇਸ ਨੂੰ ਮਿਲੀ ਹਮਦਰਦੀ ਹੌਲੀ-ਹੌਲੀ ਖਤਮ ਹੁੰਦੀ ਗਈ। ਇਹ ਸਰਕਾਰ ਆਪਣੇ ਵਾਅਦੇ ਪੂਰੇ ਨਹੀਂ ਕਰ ਸਕੀ। ਅਰਥ ਵਿਵਸਥਾ ਦਾ ਪ੍ਰਦਰਸ਼ਨ ਉਮੀਦ ਅਨੁਸਾਰ ਨਹੀਂ ਰਿਹਾ। ਦਿਹਾਤੀ ਖੇਤਰਾਂ 'ਚ ਲੋਕਾਂ ਅੰਦਰ ਗੁੱਸਾ ਹੈ, ਸ਼ਹਿਰੀ ਖੇਤਰਾਂ 'ਚ ਉਦਾਸੀਨਤਾ ਅਤੇ ਨੌਜਵਾਨ ਰੋਜ਼ਗਾਰ ਦੇ ਮੌਕੇ ਨਾ ਮਿਲਣ ਕਰਕੇ ਗੁੱਸੇ 'ਚ ਹਨ। ਨਾਲ ਹੀ ਫਿਰਕੂ ਧਰੁਵੀਕਰਨ ਅਤੇ ਇਸ ਦੇ ਵੋਟ ਬੈਂਕ 'ਚ ਕਮੀ ਆਉਣ ਕਰਕੇ ਲੱਗਦਾ ਹੈ ਕਿ ਇਸ ਨੂੰ ਚੋਣ ਲਾਭ ਨਹੀਂ ਮਿਲ ਸਕੇਗਾ।

ਸਵਾਲ ਉਠਦਾ ਹੈ ਕਿ ਕੀ ਮੋਦੀ ਉੱਤੇ ਜਿੱਤ ਪ੍ਰਾਪਤ ਕੀਤੀ ਜਾ ਸਕਦੀ ਹੈ? ਕੀ ਹਿੰਦੂਤਵ ਦੇ ਏਜੰਡੇ ਦਾ ਅਸਰ ਖਤਮ ਹੋਣ ਲੱਗਾ ਹੈ? ਕੀ ਪ੍ਰਸ਼ਾਸਨ ਵਿਰੋਧੀ ਲਹਿਰ ਅਤੇ ਵਿਰੋਧੀ ਧਿਰ ਦੀ ਇਕਜੁੱਟਤਾ ਨਾਲ ਭਾਜਪਾ ਦੀ ਚੋਣ ਮਸ਼ੀਨ 'ਤੇ ਬ੍ਰੇਕ ਲੱਗ ਰਹੀ ਹੈ? ਕੀ ਇਹ ਚੋਣਾਂ ਇਕ ਨਮੂਨਾ ਸਨ ਜਾਂ ਭਵਿੱਖ ਦਾ ਸੰਕੇਤ?

ਯਕੀਨੀ ਤੌਰ 'ਤੇ 2018 ਕਾਂਗਰਸ ਦੇ ਰਾਹੁਲ ਗਾਂਧੀ ਦਾ ਰਿਹਾ, ਜੋ ਕਾਂਗਰਸ ਦੇ ਪ੍ਰਧਾਨ ਬਣੇ ਅਤੇ ਉਨ੍ਹਾਂ ਨੇ ਹਿੰਦੀ ਭਾਸ਼ੀ ਖੇਤਰਾਂ 'ਚ ਭਾਜਪਾ ਤੋਂ ਤਿੰਨ ਸੂਬਿਆਂ ਦੀ ਸੱਤਾ ਖੋਹ ਲਈ। ਇਸ ਤੋਂ ਇਲਾਵਾ ਵਿਰੋਧੀ ਪਾਰਟੀਆਂ ਦੀ ਇਕਜੁੱਟਤਾ ਤੋਂ ਇਹ ਲੱਗਣ ਲੱਗਾ ਹੈ ਕਿ ਉਹ ਚੋਣ ਲਾਭਾਂ ਲਈ ਆਪਣੀ ਖਹਿਬਾਜ਼ੀ ਭੁਲਾ ਸਕਦੀਆਂ ਹਨ, ਚਾਹੇ ਉਤਰ ਪ੍ਰਦੇਸ਼ 'ਚ ਮਾਇਆਵਤੀ ਦੀ ਬਸਪਾ ਅਤੇ ਅਖਿਲੇਸ਼ ਦੀ ਸਮਾਜਵਾਦੀ ਪਾਰਟੀ ਹੋਵੇ ਜਾਂ ਕਰਨਾਟਕ 'ਚ ਰਾਹੁਲ ਦੀ ਕਾਂਗਰਸ ਅਤੇ ਦੇਵੇਗੌੜਾ ਦਾ ਜਨਤਾ ਦਲ (ਐਸ) ਹੋਵੇ ਅਤੇ ਤੇਲਗਾਨਾ 'ਚ ਕਾਂਗਰਸ ਤੇ ਤੇਲਗੂ ਦੇਸਮ ਹੋਣ, ਪਰ ਕੀ ਇਹ ਇਕਜੁੱਟਤਾ 2019 ਵਿੱਚ ਵੀ ਬਣੀ ਰਹੇਗੀ? ਸਾਰੀਆਂ ਪਾਰਟੀਆਂ ਦੇ ਉਦੇਸ਼ ਤੇ ਏਜੰਡੇ ਵੱਖ-ਵੱਖ ਹੋਣ ਕਰਕੇ ਇਹ ਮੁਸ਼ਕਿਲ ਲੱਗਦਾ ਹੈ। ਕੀ ਇਸ ਦੀ ਅਗਵਾਈ ਕਾਂਗਰਸ ਵੱਲੋਂ ਕੀਤੀ ਜਾਣੀ ਚਾਹੀਦੀ ਹੈ ਜਾਂ ਖੇਤਰੀ ਮਹਾਗੱਠਜੋੜ ਵੱਲੋਂ?

ਇਸ ਸਿਆਸੀ ਗੁੱਸੇ ਤੇ ਆਮ ਆਦਮੀ ਵੱਲੋਂ ਰੋਟੀ, ਕੱਪੜੇ ਅਤੇ ਮਕਾਨ ਲਈ ਸੰਘਰਸ਼ ਨਾਲ ਜੂਝਣ ਦੌਰਾਨ ਗੁੱਸੇ 'ਚ ਆਏ ਲੋਕ ਨਵੇਂ ਸਾਲ 'ਚ ਤਬਦੀਲੀ ਦੀ ਉਮੀਦ ਕਰ ਰਹੇ ਹਨ। ਅੱਜ ਲੋਕ 'ਨਵੇਂ ਮਹਾਰਾਜਿਆਂ' ਤੋਂ ਦੁਖੀ ਹਨ।

ਸਮਾਜਿਕ ਮੋਰਚਿਆਂ 'ਤੇ ਵੀ ਸਥਿਤੀ ਨਿਰਾਸ਼ਾ ਜਨਕ ਹੈ। ਆਜ਼ਾਦੀ ਦੇ ਸੱਤ ਦਹਾਕਿਆਂ ਬਾਅਦ ਅਤੇ ਸਿੱਖਿਆ, ਸਿਹਤ ਅਤੇ ਭੋਜਨ 'ਤੇ ਖਰਬਾਂ ਰੁਪਏ ਖਰਚ ਕਰਨ ਤੋਂ ਬਾਅਦ ਵੀ ਦੇਸ਼ ਦੀ 70 ਫੀਸਦੀ ਆਬਾਦੀ ਭੁੱਖੀ, ਅਨਪੜ੍ਹ ਤੇ ਬੁਨਿਆਦੀ ਸਿਹਤ ਸਹੂਲਤਾਂ ਤੋਂ ਵਾਂਝੀ ਹੈ। ਬਹੁਤੇ ਲੋਕਾਂ ਕੋਲ ਕੋਈ ਹੁਨਰ ਨਹੀਂ ਹੈ, ਦੇਸ਼ 'ਚ ਜਾਤਵਾਦ, ਫਿਰਕਾਪ੍ਰਸਤੀ, ਅਸਹਿਣਸ਼ੀਲਤਾ ਅਤੇ ਅਪਰਾਧੀਕਰਨ 'ਚ ਵਾਧਾ ਹੋ ਰਿਹਾ ਹੈ।

ਇਸ ਦਾ ਦੁਖਦਾਈ ਪਹਿਲੂ ਇਹ ਵੀ ਹੈ ਕਿ ਆਮ ਆਦਮੀ ਦਾ ਵਿਵਸਥਾ ਪ੍ਰਤੀ ਮੋਹ ਭੰਗ ਹੋ ਰਿਹਾ ਹੈ, ਜੋ ਕਦੇ ਵੀ ਭਿਆਨਕ ਗੁੱਸੇ ਦਾ ਰੂਪ ਅਖਤਿਆਰ ਕਰ ਸਕਦਾ ਹੈ। ਕਿਸੇ ਵੀ ਮੁਹੱਲੇ, ਜ਼ਿਲੇ ਜਾਂ ਸੂਬੇ 'ਚ ਚਲੇ ਜਾਓ, ਹਰ ਪਾਸੇ ਸਥਿਤੀ ਨਿਰਾਸ਼ਾ ਜਨਕ ਹੈ, ਜਿਸ ਕਾਰਨ ਬਹੁਤੇ ਲੋਕ ਕਾਨੂੰਨ ਨੂੰ ਹੱਥ 'ਚ ਲੈ ਰਹੇ ਹਨ ਅਤੇ ਦੰਗੇ, ਲੁੱਟ ਖੋਹ ਅਤੇ ਬੱਸਾਂ ਸਾੜਨ ਦੀਆਂ ਘਟਨਾਵਾਂ ਵਧ ਰਹੀਆਂ ਹਨ। ਦੇਸ਼ ਦੀ ਰਾਜਧਾਨੀ ਦਿੱਲੀ 'ਚ 'ਰੋਡ ਰੇਜ' ਵਿੱਚ ਹੱਤਿਆਵਾਂ ਦੀਆਂ ਘਟਨਾਵਾਂ ਵਧ ਰਹੀਆਂ ਹਨ। ਵਿਵਸਥਾ ਇੰਨੀ ਬਿਮਾਰ ਹੋ ਗਈ ਕਿ ਚੱਲਦੀਆਂ ਰੇਲ ਗੱਡੀਆਂ 'ਚ ਔਰਤਾਂ ਨਾਲ ਬਲਾਤਕਾਰ ਕੀਤਾ ਜਾ ਰਿਹਾ ਹੈ ਅਤੇ ਸਹਿ ਯਾਤਰੀ ਖਾਮੋਸ਼ ਦਰਸ਼ਕ ਬਣੇ ਹੋਏ ਹਨ, ਜਿਸ ਕਾਰਨ ਸਾਡਾ ਦੇਸ਼ 'ਹਨੇਰ ਨਗਰੀ' ਬਣ ਗਿਆ ਹੈ।

ਗਰੀਬ ਮੁਸਲਮਾਨਾਂ ਦੇ ਮੁੜ ਧਰਮ ਬਦਲ ਕੇ ਘਰ ਵਾਪਸੀ ਪ੍ਰੋਗਰਾਮ ਤੇ ਹਿੰਦੂ ਕੁੜੀਆਂ ਨੂੰ ਫੁਸਲਾ ਕੇ ਉਨ੍ਹਾਂ ਨਾਲ ਵਿਆਹ ਕਰਾਉਣ ਵਾਲੇ ਮੁਸਲਿਮ ਨੌਜਵਾਨਾਂ ਵਿਰੁੱਧ ਲਵ ਜੇਹਾਦ ਤੋਂ ਲੈ ਕੇ 'ਮੀ ਟੂ' ਮੁਹਿੰਮ ਵਿੱਚ ਦੇਸ਼ ਵਿੱਚ ਜਿਨਸੀ ਸ਼ੋਸ਼ਣ, ਛੇੜਖਾਨੀ ਦੀਆਂ ਘਟਨਾਵਾਂ, ਸਿਆਸਤਦਾਨਾਂ, ਵੱਡੀਆਂ ਹਸਤੀਆਂ, ਅਭਿਨੇਤਾਵਾਂ, ਲੇਖਕਾਂ, ਸੰਗੀਤਕਾਰਾਂ ਆਦਿ ਵੱਲੋਂ ਜਿਨਸੀ ਸ਼ੋਸ਼ਣ ਅਤੇ ਹਮਲਿਆਂ ਦੇ ਕਈ ਕਾਂਡ ਸਾਹਮਣੇ ਆਏ ਹਨ। ਜੋ ਸਮਾਜ ਪੁਰਾਤਨਰਪੰਥੀ ਸੋਚ ਨਾਲ ਜੀਅ ਰਿਹਾ ਹੋਵੇ, ਉਥੇ ਔਰਤਾਂ ਦੀ ਆਜ਼ਾਦੀ ਤੇ ਬਰਾਬਰੀ ਨੂੰ ਅਨੈਤਿਕਤਾ ਮੰਨਿਆ ਜਾਂਦਾ ਹੈ। ਦੇਸ਼ 'ਚ ਔਰਤਾਂ ਪ੍ਰਤੀ ਸਨਮਾਨ ਦੀ ਘਾਟ ਨਜ਼ਰ ਆਉਂਦੀ ਹੈ, ਜਿਸ ਕਰਕੇ ਉਹ ਅਜਿਹੇ ਲੋਕਾਂ ਦਾ ਸ਼ਿਕਾਰ ਬਣਦੀਆਂ ਰਹਿੰਦੀਆਂ ਹਨ, ਹਾਲਾਂਕਿ ਔਰਤਾਂ ਨੂੰ ਅਧਿਕਾਰ ਸੰਪੰਨ ਬਣਾਉਣ ਦੀਆਂ ਵੱਡੀਆਂ-ਵੱਡੀਆਂ ਗੱਲਾਂ ਕੀਤੀਆਂ ਜਾਂਦੀਆਂ ਹਨ।

ਤ੍ਰਾਸਦੀ ਦੇਖੋ, ਲੋਕ ਸਭਾ ਵੱਲੋਂ 'ਤਿੰਨ ਤਲਾਕ' ਬਿੱਲ ਪਾਸ ਕੀਤਾ ਗਿਆ ਅਤੇ ਇਸ ਵਿੱਚ 'ਤਿੰਨ ਤਲਾਕ' ਦੀ ਪ੍ਰਥਾ ਨੂੰ ਅਪਰਾਧ ਮੰਨਿਆ ਗਿਆ। ਇਹ ਕਾਨੂੰਨ ਸਥਿਤੀ 'ਚ ਤਬਦੀਲੀ ਲਿਆਉਣ ਵਾਲਾ ਹੈ ਅਤੇ ਇਸ ਦਾ ਦੂਰਰਸ ਪ੍ਰਭਾਵ ਪਵੇਗਾ। ਇਸ ਨਾਲ ਨਾ ਸਿਰਫ 21ਵੀਂ ਸਦੀ ਦੀਆਂ ਮੁਸਲਿਮ ਔਰਤਾਂ 'ਮੁਸਲਿਮ ਪਰਸਨਲ ਲਾਅ' ਦੇ ਸ਼ਿਕੰਜੇ 'ਚੋਂ ਮੁਕਤ ਹੋਣਗੀਆਂ, ਸਗੋਂ ਉਨ੍ਹਾਂ ਨੂੰ ਕਾਨੂੰਨ ਦੇ ਸਾਹਮਣੇ ਬਰਾਬਰ ਮੰਨਿਆ ਜਾਵੇਗਾ ਅਤੇ ਲਿੰਗਕ ਆਧਾਰ 'ਤੇ ਉਨ੍ਹਾਂ ਨਾਲ ਹੋ ਰਿਹਾ ਵਿਤਕਰਾ ਦੂਰ ਹੋਵੇਗਾ। ਹਾਲਾਂਕਿ ਵਿਰੋਧੀ ਧਿਰ ਦਾ ਕਹਿਣਾ ਹੈ ਕਿ ਇਸ ਕਾਨੂੰਨ ਦੇ ਜ਼ਰੀਏ ਘੱਟਗਿਣਤੀ ਭਾਈਚਾਰੇ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ।

ਨਾ ਸਿਰਫ ਸਮਾਜ 'ਚ ਤਬਦੀਲੀ ਦੀ ਲੋੜ ਹੈ, ਸਗੋਂ ਸਾਡੀ ਅਰਥ ਵਿਵਸਥਾ ਨੂੰ ਵੀ ਨਵੀਂ ਦਿਸ਼ਾ ਦੇਣ ਦੀ ਲੋੜ ਹੈ। ਲੱਗਦਾ ਹੈ ਕਿ ਨੋਟਬੰਦੀ ਤੋਂ ਬਾਅਦ 'ਨਮੋ ਐਂਡ ਕੰਪਨੀ' ਭਟਕ ਗਈ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਮਹਿੰਗਾਈ, ਖੇਤੀ ਸੰਕਟ, ਵਧਦੀ ਬੇਰੋਜ਼ਗਾਰੀ ਵਰਗੀਆਂ ਮੁੱਖ ਸਮੱਸਿਆਵਾਂ ਦੂਰ ਨਹੀਂ ਕਰ ਸਕੇ ਹਨ। ਇਸ ਸਾਲ ਦੇ ਅਖੀਰ ਤੱਕ ਕੁੱਲ ਘਰੇਲੂ ਉਤਪਾਦ ਦੀ ਵਾਧਾ ਦਰ 7.2-7.5 ਫੀਸਦੀ ਰਹਿਣ ਨਾਲ ਕੀ ਲੋਕਾਂ ਦੀਆਂ ਸਮੱਸਿਆਵਾਂ ਦੂਰ ਹੋ ਜਾਣਗੀਆਂ ਜਾਂ ਮਹਿੰਗਾਈ 'ਤੇ ਰੋਕ ਲੱਗੇਗੀ? ਇਹੋ ਨਹੀਂ ਚਾਰ ਸਾਲਾਂ ਦੇ ਵਕਫੇ 'ਚ ਰਿਜ਼ਰਵ ਬੈਂਕ ਦੇ ਦੋ ਗਵਰਨਰਾਂ ਅਤੇ ਸਰਕਾਰ ਦੇ ਦੋ ਮੁੱਖ ਆਰਥਿਕ ਸਲਾਹਕਾਰਾਂ ਨੇ ਆਪਣੇ ਅਹੁਦਿਆਂ ਤੋਂ ਅਸਤੀਫਾ ਦਿੱਤਾ ਹੈ। ਕਿਸਾਨਾਂ 'ਚ ਨਿਰਾਸ਼ਾ ਫੈਲੀ ਹੋਈ ਹੈ ਅਤੇ ਉਨ੍ਹਾਂ ਵੱਲੋਂ ਖੁਦਕੁਸ਼ੀਆਂ ਕੀਤੇ ਜਾਣ ਦੀਆਂ ਘਟਨਾਵਾਂ ਵਧ ਰਹੀਆਂ ਹਨ। ਅੱਜ ਕੱਲ੍ਹ ਸਰਕਾਰ ਨੇ ਕਿਸਾਨਾਂ ਨੂੰ ਰਾਹਤ ਪੈਕੇਜ ਦੇਣ ਲਈ ਇਕ ਵੱਡੀ ਯੋਜਨਾ ਤਿਆਰ ਕੀਤੀ ਹੋਈ ਹੈ।

ਗੈਲਪ ਸਰਵੇ ਮੁਤਾਬਕ 14 ਫੀਸਦੀ ਲੋਕਾਂ ਦਾ ਮੰਨਣਾ ਸੀ ਕਿ ਉਨ੍ਹਾਂ ਨੇ ਤਰੱਕੀ ਕੀਤੀ ਹੈ। 2014 'ਚ ਦੋ ਵੇਲਿਆਂ ਦੀ ਰੋਟੀ ਦਾ ਜੁਗਾੜ ਕਰਨ ਲਈ ਜੂਝਣ ਵਾਲਿਆਂ ਦੀ ਗਿਣਤੀ ਪੇਂਡੂ ਖੇਤਰਾਂ 'ਚ 28 ਫੀਸਦੀ ਸੀ, ਜੋ ਅੱਜ 41 ਫੀਸਦੀ ਹੈ ਅਤੇ ਸ਼ਹਿਰੀ ਖੇਤਰਾਂ 'ਚ 18 ਫੀਸਦੀ ਸੀ, ਜੋ ਅੱਜ 26 ਫੀਸਦੀ ਹੈ। ਆਮ ਆਦਮੀ ਦਾ ਢਿੱਡ ਜੁਮਲਿਆਂ ਨਾਲ ਭਰਿਆ ਜਾ ਰਿਹਾ ਹੈ।

ਸਿਆਸੀ ਦਿਸਹੱਦੇ 'ਤੇ ਆਸ ਦੀ ਕੋਈ ਕਿਰਨ ਨਜ਼ਰ ਨਹੀਂ ਆ ਰਹੀ। ਲੋਕ ਬਦਲ ਲੱਭ ਰਹੇ ਹਨ। ਭਾਜਪਾ ਦੀ ਅਗਵਾਈ ਵਾਲੇ ਐਨ ਡੀ ਏ ਗੱਠਜੋੜ ਦਾ ਪਤਨ ਹੋਣਾ ਸ਼ੁਰੂ ਹੋ ਗਿਆ ਹੈ ਪਰ ਕੀ ਕਾਂਗਰਸ ਜਾਂ ਪ੍ਰਸਤਾਵਿਤ ਮਹਾਗੱਠਜੋੜ ਬਦਲ ਪੇਸ਼ ਕਰ ਸਕੇਗਾ? ਇਹ ਸੱਚ ਹੈ ਕਿ ਸਾਨੂੰ ਉਹੋ ਜਿਹੇ ਨੇਤਾ ਮਿਲੇ ਹਨ, ਜਿਨ੍ਹਾਂ ਦੇ ਅਸੀਂ ਹੱਕਦਾਰ ਹਾਂ, ਪਰ ਸਵਾਲ ਇਹ ਵੀ ਉਠਦਾ ਹੈ ਕਿ ਕੀ ਇਹ ਨੇਤਾ ਸਾਡੇ ਲਾਇਕ ਹਨ? ਅਸੀਂ ਆਪਣੀ ਆਤਮਾ ਨੂੰ ਅਜਿਹੇ ਛੋਟੇ ਲੋਕਾਂ ਕੋਲ ਗਹਿਣੇ ਰੱਖਣ ਜਾ ਰਹੇ ਹਾਂ। ਕੁੱਲ ਮਿਲਾ ਕੇ ਸਾਡੇ ਨੇਤਾਵਾਂ ਨੂੰ ਲੋਕਾਂ ਦਾ ਗੁੱਸਾ ਘਟਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਸਮਾਂ ਆ ਗਿਆ ਹੈ ਕਿ ਲੋਕ ਹੁਣ ਦੇਸ਼ ਦੀ ਸਿਆਸਤ 'ਚੋਂ ਗੁੰਡਿਆਂ ਬਦਮਾਸ਼ਾਂ ਨੂੰ ਬਾਹਰ ਖਦੇੜ ਦੇਣ।

ਸਾਡੇ ਕੌਮੀ ਜੀਵਨ 'ਚ ਸੱਚਾਈ ਅਤੇ ਈਮਾਨਦਾਰੀ ਲਿਆਉਣ ਦੀ ਲੋੜ ਹੈ। ਅਸੀਂ ਨਵੇਂ ਵਰ੍ਹੇ 2019 'ਚ ਦਾਖਲ ਹੋ ਗਏ ਹਾਂ। ਇਸ ਲਈ ਸਾਡੇ ਨੇਤਾਵਾਂ ਨੂੰ ਘਾਟਾਂ ਦੂਰ ਕਰ ਕੇ ਜ਼ਿੰਮੇਵਾਰੀ ਲੈਣੀ ਪਵੇਗੀ, ਆਪਣੇ ਤੌਰ ਤਰੀਕੇ ਬਦਲਣੇ ਪੈਣਗੇ ਤੇ ਸ਼ਾਸਨ ਦੀਆਂ ਅਸਲੀ ਸਮੱਸਿਆਵਾਂ ਦਾ ਨਿਪਟਾਰਾ ਕਰਨਾ ਪਵੇਗਾ ਕਿਉਂਕਿ ਲੋਕ ਹੁਣ ਰੋਜ਼ਗਾਰ, ਪਾਰਦਰਸ਼ਿਤਾ ਅਤੇ ਜੁਆਬਦੇਹੀ ਚਾਹੁੰਦੇ ਹਨ। ਸਾਨੂੰ ਅਜਿਹੇ ਨੇਤਾ ਚਾਹੀਦੇ ਹਨ, ਜੋ ਦਲੇਰ ਤੇ ਦ੍ਰਿੜ੍ਹ ਇਰਾਦਿਆਂ ਵਾਲੇ ਹੋਣ, ਨਵੇਂ ਭਾਰਤ ਦਾ ਨਿਰਮਾਣ ਕਰ ਸਕਣ। ਮੁਸ਼ਕਿਲ ਸਮੇਂ 'ਚ ਮੁਸ਼ਕਿਲ ਫੈਸਲੇ ਲੈਣ ਦੀ ਲੋੜ ਹੈ, ਪਰ ਮੂਲ ਸਵਾਲ ਹੈ ਕਿ ਜੇਤੂ ਕੌਣ ਬਣੇਗਾ? ਜੇ ਜੇਤੂ ਬਣੇਗਾ, ਕੀ ਉਹ ਸਖਤ ਕਦਮ ਚੁੱਕਣ ਦੇ ਸਮਰੱਥ ਹੋਵ-ੇਗਾ? ਕੀ ਉਹ ਆਪਣੀ ਇੱਛਾ ਸ਼ਕਤੀ ਦਾ ਇਸਤੇਮਾਲ ਕਰ ਸਕੇਗਾ ਹਾਂ, ਅਸੀਂ ਆਸ ਕਰਦੇ ਹਾਂ ਕਿ 2019 'ਚ ਭਾਰਤ ਵਿੱਚ ਅਜਿਹਾ ਦੇਖਣ ਨੂੰ ਮਿਲੇਗਾ।

# ਸਿਖਿਆ ਦਿੱਤੀ ਨਹੀਂ ਜਾ ਰਹੀ, ਵੇਚੀ ਜਾ ਰਹੀ ਹੈ

-ਪ੍ਰਿੰ. ਡਾਕਟਰ ਮੋਹਨ ਲਾਲ ਸ਼ਰਮਾ-

ਸ਼ਰਧਾ ਗਿਆਨ ਦੇਤੀ ਹੈ, ਨਮਰਤਾ ਮਾਨ ਦੇਤੀ ਹੈ,
ਯੋਗਯਤਾ ਸਥਾਨ ਦੇਤੀ ਹੈ
ਪਰ ਤੀਨੋਂ ਮਿਲ ਜਾਏਂ ਤੋ,
ਵਿਅਕਤੀ ਕੋ ਹਰ ਜਗਹ ਸਨਮਾਨ ਦੇਤੀ ਹੈਂ।

ਕਿੰਨੀ ਸੱਚਾਈ ਨਜ਼ਰ ਆਉਂਦੀ ਹੈ ਇਸ ਗੱਲ 'ਚ, ਪਰ ਇਹ ਗੱਲ ਪੁਰਾਣੀ ਹੋ ਚੁੱਕੀ ਹੈ ਕਿਉਂਕਿ ਗੁਰੂਕੁਲ 'ਚ ਜੋ ਸਿਖਿਆ ਦਿੱਤੀ ਜਾਂਦੀ ਸੀ, ਉਸ ਵਿੱਚ ਅਧਿਆਪਕ ਤੇ ਵਿਦਿਆਰਥੀ ਦਾ ਇੱਕ ਅਨੋਖਾ ਰਿਸ਼ਤਾ ਸੀ, ਪਿਆਰ ਸੀ, ਭਰੋਸਾ ਸੀ, ਪਰ ਕਿਤੇ ਨਾ ਕਿਤੇ ਅੱਜ ਇਹ ਸਾਰੀਆਂ ਚੀਜ਼ਾਂ ਖਤਮ ਹੋ ਚੁੱਕੀਆਂ ਹਨ। ਅੱਜ ਸਿਖਿਆ ਦਾ ਉਹ ਸਥਾਨ ਨਹੀਂ ਰਿਹਾ, ਜੋ ਕਹਿਣਾ ਚਾਹੀਦਾ ਸੀ। ਸਿਖਿਆ ਦਾ ਲਗਾਤਾਰ ਵਪਾਰੀਕਰਨ ਹੋ ਰਿਹਾ ਹੈ।

ਜ਼ਰੂਰੀ ਨਹੀਂ ਚਿਰਾਗੋਂ ਸੇ ਹੀ ਹੋ
ਸ਼ਿਕਸ਼ਾ ਸੇ ਭੀ ਘਰ ਰੋਸ਼ਨ ਹੋਤੇ ਹੈਂ।

ਪੜ੍ਹੇ ਲਿਖੇ ਲੋਕਾਂ ਨੂੰ ਸਿਖਿਆ ਦੀ ਗੁਣਵੱਤਾ 'ਤੇ ਸਵਾਲ ਕਰਨਾ ਅਤੇ ਸਿਖਿਆ ਦੀ ਵਿਗੜਦੀ ਸਥਿਤੀ ਨੂੰ ਸੁਧਾਰਨ ਲਈ ਯਤਨ ਕਰਨਾ, ਅੱਜ ਦੇ ਇਸ ਪੂੰਜੀਵਾਦ ਦੇ ਦੌਰ 'ਚ ਇਸ ਲਈ ਜ਼ਰੂਰੀ ਹੋ ਗਿਆ ਹੈ ਕਿ ਦੇਸ਼ ਵਿੱਚ ਹਰ ਚੀਜ਼ ਨੂੰ ਵੇਚਿਆ ਜਾ ਰਿਹਾ ਹੈ, ਇਸ ਲਈ ਸਿਖਿਆ ਵੀ ਆਮਦਨ ਦਾ ਸਾਧਨ ਹੋ ਗਈ ਹੈ। ਜਿਸ ਰਫਤਾਰ ਨਾਲ ਪ੍ਰਾਈਵੇਟ ਸਕੂਲਾਂ ਦੀ ਗਿਣਤੀ ਤੇ ਕਾਰੋਬਾਰ ਵਧ ਰਿਹਾ ਹੈ, ਉਸੇ ਰਫਤਾਰ ਨਾਲ ਸਰਕਾਰੀ ਸਕੂਲਾਂ ਦਾ ਢਾਂਚਾ ਡਿੱਗ ਰਿਹਾ ਹੈ। ਆਖਿਰ ਕੌਣ ਜ਼ਿੰਮੇਵਾਰ ਹੈ ਇਸ ਵਿਗੜਦੀ ਸਥਿਤੀ ਲਈ। ਸਰਕਾਰ, ਅਦਾਲਤ, ਅਧਿਆਪਕ, ਪ੍ਰਸ਼ਾਸਨ ਜਾਂ ਜਨਤਾ?

ਵਿਦਿਆ ਨਿਮਰਤਾ ਦੀ ਕੁੰਜੀ ਹੈ। ਵਿਦਿਆ ਦਾ ਧਨ ਅਜਿਹੀ ਪੂੰਜੀ ਹੈ, ਜੋ ਵੰਡਣ ਨਾਲ ਵਧਦੀ ਹੈ। ਵਿਦਿਆ ਹਾਸਲ ਕਰਨ ਨਾਲ ਨਾ ਸਿਰਫ ਸਾਡੀ ਸ਼ਖਸੀਅਤ 'ਚ ਨਿਖਾਰ ਆਉਂਦਾ ਹੈ, ਸਗੋਂ ਸਾਡੇ ਭਵਿੱਖੀ ਨਿਰਮਾਣ 'ਚ ਵੀ ਇਹ ਇੱਕ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ।

ਭਾਰਤ 'ਚ ਗੁਰੂ-ਚੇਲੇ ਦੀ ਪ੍ਰੰਪਰਾ ਦਾ ਮਾਣਮੱਤਾ ਇਤਿਹਾਸ ਰਿਹਾ ਹੈ। ਗੁਰੂਕੁਲ 'ਚ ਜਿੱਥੇ ਇੱਕ ਪਾਸੇ ਗੁਰੂ ਆਪਣੇ ਚੇਲਿਆਂ ਨੂੰ ਭਵਿੱਖ ਦੇ ਜੀਵਨ ਲਈ ਸਰਵਗੁਣ ਸੰਪੰਨ ਬਣਾਉਂਦਾ ਸੀ, ਉਥੇ ਹੀ ਦੂਜੇ ਪਾਸੇ ਮਿਸਾਲ ਪੇਸ਼ ਕਰਦਾ ਸੀ, ਪਰ ਅੱਜ ਦੇ ਸਮੇਂ 'ਚ ਇਹ ਗੱਲਾਂ ਝੂਠੀਆਂ ਲੱਗਦੀਆਂ ਹਨ। ਅੱਜ ਦੀ ਸਿਖਿਆ ਨੇ ਇਸ ਪਰਿਭਾਸ਼ਾ ਨੂੰ ਬਦਲ ਕੇ ਰੱਖ ਦਿੱਤਾ ਹੈ। ਅੱਜ ਦੀ ਸਿਖਿਆ 'ਚ ਇਨ੍ਹਾਂ ਗੱਲਾਂ ਦਾ ਕੋਈ ਮਹੱਤਵ ਨਜ਼ਰ ਨਹੀਂ ਆਉਂਦਾ। ਪੁਰਾਣੇ ਸਮੇਂ ਵਿੱਚ ਸਿਖਿਆ ਗਿਆਨ ਦਾਨ ਦੀ ਪੁੰਨ ਵਾਲੀ ਪਰੰਪਰਾ ਸੀ, ਜੋ ਅੱਜ ਸਿਰਫ ਪੈਸਾ ਇਕੱਠਾ ਕਰਨ ਦੀ ਯੋਜਨਾ ਬਣ ਗਈ ਹੈ। ਪਹਿਲਾਂ ਸਿਖਿਆ ਸੁਆਰਥ ਰਹਿਤ ਸੇਵਾ ਸੀ, ਜੋ ਸਭ ਦੇ ਹਿੱਤਾਂ ਨੂੰ ਦਰਸਾਉਂਦੀ ਸੀ। ਇਹੋ ਕਾਰਨ ਸੀ ਕਿ ਉਨ੍ਹਾਂ ਦਿਨਾਂ ਵਿੱਚ ਯੋਗ ਦੇ ਵਿਦਿਆਰਥੀਆਂ ਦੀ ਬਹੁਤਾਤ ਸੀ, ਜੋ ਆਪਣੇ ਦੇਸ਼ ਅਤੇ ਸਮਾਜ ਨੂੰ ਆਪਣੇ ਆਪਣੇ ਮਜ਼ਬੂਤ ਮੋਢਿਆਂ ਦਾ ਸਹਾਰਾ ਦਿੰਦੇ ਸਨ। ਪਹਿਲਾਂ ਸਿਖਿਆ ਤੋਹਫੇ ਦਾ ਰੂਪ ਸੀ, ਅੱਜ ਉਹ ਸਿਰਫ ਤੇ ਸਿਰਫ ਕਾਰੋਬਾਰ ਦਾ ਸੋਮਾ ਹੈ। ਅੱਜ ਸਿਖਿਆ ਵਿਸ਼ਵ ਬਾਜ਼ਾਰ 'ਚ ਇੰਨੇ ਵੱਡੇ ਕਾਰੋਬਾਰ ਦੇ ਰੂਪ ਵਿੱਚ ਤਬਦੀਲ ਹੋ ਗਈ ਹੈ, ਜੋ ਅਸਲ ਵਿੱਚ ਇੱਕ ਕ੍ਰਿਸ਼ਮਾ ਲੱਗਦਾ ਹੈ।

ਭਾਰਤ ਵਿੱਚ ਸਿਖਿਆ ਦਾ ਕੀ ਮਹੱਤਵ ਹੈ, ਇਹ ਕਿਸੇ ਨੂੰ ਦੱਸਣ ਦੀ ਲੋੜ ਨਹੀਂ। ਭਾਰਤ ਦੇ ਕਰੋੜਾਂ ਬੱਚੇ ਹਰੇਕ ਸਵੇਰ ਆਪਣਾ ਬਸਤਾ ਲੈ ਕੇ ਸਕੂਲ ਜਾਂਦੇ ਹਨ। ਹਰੇਕ ਮਾਤਾ ਪਿਤਾ ਦੀ ਤਮੰਨਾ ਹੁੰਦੀ ਹੈ ਕਿ ਉਨ੍ਹਾਂ ਦਾ ਬੱਚਾ ਪੜ੍ਹ ਲਿਖ ਕੇ ਇੱਕ ਕਾਬਿਲ ਇਨਸਾਨ ਬਣੇ। ਉਨ੍ਹਾਂ ਦੇ ਸੁਫਨਿਆਂ ਨੂੰ ਪੂਰਾ ਕਰਨ ਲਈ ਸਕੂਲ ਅਤੇ ਸਾਡੇ ਦੇਸ਼ ਦੀ ਸਿਖਿਆ ਪ੍ਰਣਾਲੀ ਬਹੁਤ ਵੱਡੀ ਭੂਮਿਕਾ ਨਿਭਾਉਂਦੀ ਹੈ। ਅੱਜ ਤੋਂ ਕੁਝ ਸਾਲ ਪਹਿਲਾਂ 'ਫੈਲੇ ਵਿਦਿਆ ਚਾਨਣ ਹੋਏ' ਦਾ ਮਹਾਨ ਆਦਰਸ਼ ਲੈ ਕੇ ਚੱਲਦੀਆਂ ਵਿਦਿਅਕ ਸੰਸਥਾਵਾਂ ਦਾ ਸਰੂਪ ਲਾਭਦਾਇਕ ਸੀ ਕਿਉਂਕਿ ਸੁਆਰਥ, ਫਰੇਬ, ਧੋਖਾ, ਲਾਲਚ ਆਦਿ ਤੋਂ ਦੂਰ ਹੋ ਕੇ ਸੱਚਾਈ, ਨੇਕੀ, ਭਲਾਈ, ਈਮਾਨਦਾਰੀ ਅਤੇ ਨੈਤਿਕ ਕਦਰਾਂ ਕੀਮਤਾਂ ਨਾਲ ਜੁੜਿਆ ਸੀ। ਵਿਦਿਅਕ ਸੰਸਥਾਵਾਂ ਸਿਖਿਆ ਦੇਣ ਦੀ ਮੁੱਢਲੀ ਭੂਮਿਕਾ ਨੂੰ ਪੂਰੀ ਇਮਾਨਦਾਰੀ ਨਾਲ ਨਿਭਾ ਰਹੀਆਂ ਸਨ। ਇਸ ਮਹਾਨ ਕੰਮ 'ਚ ਜੁੜੇ ਗੁਰੂ ਜਾਂ ਅਧਿਆਪਕ ਵੀ ਪੂਰੀ ਈਮਾਨਦਾਰੀ ਨਾਲ ਜਾਤ ਪਾਤ, ਉਚ-ਨੀਚ, ਲਿੰਗ, ਧ੍ਰਮ, ਨਸਲ ਦੇ ਵਿਰੋਧ ਦੇ ਭੇਦ ਤੋਂ ਉਪਰ ਉਠ ਕੇ ਆਪਣਾ ਫਰਜ਼ ਨਿਭਾਉਂਦੇ ਸਨ ਤੇ ਸਿਖਿਆ ਨੀਤੀ ਨਵੇਂ ਦਰੱਖਤ ਦੇ ਰੂਪ ਵਿੱਚ ਉਭਰ ਕੇ ਸਾਹਮਣੇ ਆਈ, ਪਰ ਅੱਜ ਸਿਖਿਆ ਪ੍ਰਣਾਲੀ ਨੂੰ ਦੇਖ ਕੇ ਬਹੁਤ ਦੁੱਖ ਹੁੰਦਾ ਹੈ ਕਿ ਸਿਖਿਆ ਇੱਕ ਬਾਜ਼ਾਰ ਵਿੱਚ ਵੇਚੀ ਜਾਣ ਵਾਲੀ ਚੀਜ਼ ਬਣ ਗਈ ਹੈ। ਜੋ ਚੀਜ਼ ਵੇਚੀ ਨਹੀਂ ਜਾਣੀ ਚਾਹੀਦੀ ਸੀ, ਉਹ ਵੀ ਅੱਜ ਬਾਜ਼ਾਰ ਵਿੱਚ ਮਾਲ ਦੇ ਭਾਅ ਵਿਕ ਰਹੀ ਹੈ। ਬਹੁਤ ਦੁੱਖ ਹੁੰਦਾ ਹੈ ਅਜਿਹੀ ਤਰਸਯੋਗ ਸਥਿਤੀ ਨੂੰ ਦੇਖ ਕੇ।

ਦੇਖੋ ਲੋਗੋ ਯਹ ਪਾਪ ਹੋ ਰਹਾ ਹੈ,
ਦੁਰਾਚਾਰ ਹੋ ਰਹਾ ਹੈ,
ਦੁਨੀਆ ਕਾ ਤੋ ਕਿਆ ਬਨੇਗਾ,
ਜਹਾਂ ਪਰ ਸ਼ਿਕਸ਼ਾ ਕਾ ਭੀ ਵਪਾਰ ਹੋ ਰਹਾ ਹੈ।

ਵਪਾਰ ਤੋਂ ਭਾਵ ਵਸਤੂਆਂ ਨੂੰ ਵੇਚਣਾ ਜਾਂ ਖਰੀਦਣਾ ਹੈ, ਪਰ ਕੀ ਸਿਖਿਆ ਕੋਈ ਵੇਚਣ ਵਾਲੀ ਚੀਜ਼ ਹੈ? ਜੀ ਹਾਂ, ਇਹ ਗੱਲ ਸੁਣਨ 'ਚ ਅਜੀਬ ਲੱਗ ਰਹੀ ਹੈ, ਪਰ ਅਸਲ ਵਿੱਚ ਇਹ ਅੱਜ ਦਾ ਕੌੜਾ ਸੱਚ ਹੈ। ਅੰਗਰੇਜ਼ਾਂ ਦੇ ਸਮੇਂ ਤੋਂ ਹੀ ਭਾਰਤ ਵਿੱਚ 'ਗੁਰੂ-ਚੇਲਾ' ਪਰੰਪਰਾ ਦੀ ਉਲੰਘਣਾ ਸ਼ੁਰੂ ਹੋ ਗਈ ਸੀ। ਅੰਗਰੇਜ਼ਾਂ ਦੀ ਨੀਤੀ ਉਦੋਂ ਸਫਲ ਹੋਈ, ਜਦੋਂ ਉਨ੍ਹਾਂ ਨੇ ਭਾਰਤ 'ਚ ਆਪਣੇ ਲਾਭ ਲਈ ਸਕੂਲ ਕਾਲਜ ਖੋਲ੍ਹਣੇ ਸ਼ੁਰੂ ਕੀਤੇ ਕਿਉਂਕਿ ਉਨ੍ਹਾਂ ਨੂੰ ਪੜ੍ਹੇ ਲਿਖੇ ਕਲਰਕ ਚਾਹੀਦੇ ਸਨ। ਇਸ ਤਰ੍ਹਾਂ ਸਿਖਿਆ ਦਾ ਵਪਾਰੀਕਰਨ ਸ਼ੁਰੂ ਹੋ ਗਿਆ, ਜੋ ਹਾਲੇ ਵੀ ਜਾਰੀ ਹੈ ਅਤੇ ਵਧਦਾ ਹੀ ਜਾ ਰਿਹਾ ਹੈ। ਹਾਲਾਤ ਬਦ ਤੋਂ ਬਦਤਰ ਹੋ ਰਹੇ ਹਨ। ਅੱਜਕੱਲ੍ਹ ਸਿਖਿਆ ਦਿੱਤੀ ਨਹੀਂ ਜਾ ਰਹੀ, ਸਗੋਂ ਕਿਹਾ ਜਾ ਸਕਦਾ ਹੈ ਕਿ ਵੇਚੀ ਜਾ ਰਹੀ ਹੈ।

ਸੱਚੀ ਬਾਤੋਂ ਕੋ ਜਾਨ ਲੇਨੇ ਕਾ ਨਾਮ ਗਿਆਨ ਹੈ,
ਜੋ ਅਪਨੀ ਮੇਹਨਤ ਸੇ ਕਰ ਦਿਖਾਏ ਵਹੀ ਮਹਾਨ ਹੈ।

ਅੱਜਕੱਲ੍ਹ ਸਿਖਿਆ ਪ੍ਰਾਪਤ ਕਰਨ ਲਈ ਦਿਮਾਗ ਤੋਂ ਵੱਧ ਪੈਸਾ ਮਹੱਤਵ ਰੱਖਦਾ ਹੈ। ਅਮੀਰ ਲੋਕ ਬਿਨਾਂ ਮਿਹਨਤ ਕੀਤੇ ਹੀ ਸਿਖਿਆ ਲੈ ਰਹੇ ਹਨ। ਉਹ ਆਪਣੇ ਬੱਚਿਆਂ ਨੂੰ ਪੈਸਿਆਂ ਨਾਲ ਡਿਗਰੀਆਂ ਖਰੀਦ ਕੇ ਦਿੰਦੇ ਹਨ। ਇਸ ਦਾ ਸਭ ਤੋਂ ਵੱਡਾ ਕਾਰਨ ਭ੍ਰਿਸ਼ਟਾਚਾਰ ਹੈ। ਕਈ ਯੂਨੀਵਰਸਿਟੀਆਂ ਬਿਨਾਂ ਪੜ੍ਹੇ ਪੈਸਿਆਂ ਦੇ ਬਦਲੇ ਡਿਗਰੀਆਂ ਦੇ ਦਿੰਦੀਆਂ ਹਨ। ਇਨ੍ਹਾਂ ਵਲੋਂ ਜਗ੍ਹਾ ਜਗ੍ਹਾ 'ਤੇ ਆਪਣੇ ਸਿਖਿਆ ਕੇਂਦਰ ਖੋਲ੍ਹੇ ਜਾ ਰਹੇ ਹਨ, ਜੋ ਬਿਨਾਂ ਰੋਕ ਟੋਕ ਦੇ ਚਲਾਏ ਜਾਂਦੇ ਹਨ। ਇਹ ਸਭ ਕੁਝ ਸਿਖਿਆ ਨੂੰ ਕਾਰੋਬਾਰੀ ਬਣਾ ਰਿਹਾ ਹੈ। ਸਰਕਾਰ ਵੱਲੋਂ 8ਵੀਂ ਤੱਕ ਫੇਲ੍ਹ ਨਾ ਕਰਨ ਤੇ ਬਿਨਾਂ ਕਿਸੇ ਸ਼ਰਤ ਪਾਸ ਕਰਨ ਨਾਲ ਬੱਚਿਆਂ ਦਾ ਭਵਿੱਖ ਖਤਰੇ 'ਚ ਜਾ ਰਿਹਾ ਹੈ। ਅੱਜ ਵਿਦਿਆ ਹਾਸਲ ਕਰਨ ਦਾ ਮਕਸਦ ਸਿਰਫ ਕਲਾਸਾਂ ਪਾਸ ਕਰਨਾ ਬਣ ਗਿਆ ਹੈ। ਗਿਆਨ ਹਾਸਲ ਕਰਨ ਦੀ ਕੋਈ ਕੋਸ਼ਿਸ਼ ਨਹੀਂ ਕਰਦਾ। ਵਿਦਿਆ ਦੇ ਵਪਾਰੀ ਇਸੇ ਕਾਰਨ ਦਿਨੋ ਦਿਨ ਅਮੀਰ ਬਣਦੇ ਜਾ ਰਹੇ ਹਨ ਕਿਉਂਕਿ ਉਹ ਬੱਚਿਆਂ ਨੂੰ ਕਿਸੇ ਵੀ ਹਾਲਤ 'ਚ ਪਾਸ ਕਰਵਾਉਣ ਲਈ ਮੋਟੀ ਰਕਮ ਲੈ ਰਹੇ ਹਨ। ਨਿੱਜੀ ਵਿਦਿਅਕ ਸੰਸਥਾ ਦੇ ਸੰਚਾਲਕ ਮਰਜ਼ੀ ਨਾਲ ਪੈਸੇ ਵਸੂਲ ਰਹੇ ਹਨ। ਇੱਕ ਪਾਸੇ ਉਨ੍ਹਾਂ ਦੀ ਫੀਸ ਵਧਦੀ ਜਾਂਦੀ ਹੈ, ਦੂਸਰੇ ਪਾਸੇ ਸਿਖਿਆ ਦਾ ਪੱਧਰ ਡਿੱਗਦਾ ਜਾਂਦਾ ਹੈ। ਪਹਿਲਾਂ ਮੋਂਟੇਸਰੀ ਵਰਗੇ ਛੋਟੇ ਛੋਟੇ ਨਿੱਜੀ ਸਕੂਲ ਖੁੱਲ੍ਹਣੇ ਸ਼ੁਰੂ ਹੋਏ, ਫਿਰ ਉਨ੍ਹਾਂ ਦੀ ਥਾਂ ਵੱਡੀਆਂ-ਵੱਡੀਆਂ ਗਗਨਚੁੰਬੀ ਇਮਾਰਤਾਂ ਨੇ ਲੈ ਲਈ। ਨਿੱਜੀ ਸਕੂਲਾਂ ਦਾ ਜਿਵੇਂ ਹੜ੍ਹ ਜਿਹਾ ਆ ਗਿਆ ਹੈ। ਅਨੇਕ ਪੱਧਰਾਂ 'ਤੇ ਨਗਰਾਂ-ਮਹਾਨਗਰਾਂ ਦੇ ਹੋਟਲਾਂ ਵਾਂਗ ਸਾਧਾਰਨ, ਇੱਕ ਸਿਤਾਰਾ, ਦੋ ਸਿਤਾਰਾ ਅਤੇ ਪੰਜ ਸਿਤਾਰਾ ਵਰਗੇ ਸਕੂਲ ਖੁੱਲ੍ਹੇ ਸ਼ੁਰੂ ਹੋ ਗਏ ਹਨ। ਵੱਡੇ ਵੱਡੇ ਡਾਕਟਰ, ਰਾਜਨੇਤਾਵਾਂ ਨੇ ਆਪਣੇ ਧੰਦਿਆਂ ਨੂੰ ਛੱਡ ਕੇ ਸਕੂਲ ਖੋਲ੍ਹ ਲਏ ਹਨ, ਪਰ ਇਸ ਤਰਸਯੋਗ ਹਾਲਤ ਦੇ ਪਿੱਛੇ ਆਖਿਰ ਜ਼ਿੰਮੇਵਾਰ ਕੌਣ ਹੈ?

ਇਨ੍ਹਾਂ ਦੇ ਪਿੱਛੇ ਜ਼ਿੰਮੇਵਾਰ ਹੈ ਮੈਕਾਲੇ ਦਾ ਉਹ ਬ੍ਰਿਟਿਸ਼ ਪਾਰਲੀਮੈਂਟ ਵਿੱਚ ਦਿੱਤਾ ਗਿਆ ਭਾਸ਼ਣ ਜਿਸ 'ਚ ਉਨ੍ਹਾਂ ਕਿਹਾ ਸੀ; ਮੈਂ ਪੂਰੇ ਭਾਰਤ ਦੀ ਯਾਤਰਾ ਕੀਤੀ ਅਤੇ ਦੇਖਿਆ ਕਿ ਉਥੇ ਕੋਈ ਅਧਿਕਾਰੀ ਜਾਂ ਚੋਰ ਨਹੀਂ। ਉਥੇ ਸਾਰੇ ਉਚ ਨੈਤਿਕ ਆਦਰਸ਼ ਵਾਲੇ ਲੋਕ ਵਸਦੇ ਹਨ। ਮੈਨੂੰ ਨਹੀਂ ਲੱਗਦਾ ਕਿ ਅਸੀਂ ਉਸ ਦੇਸ਼ ਨੂੰ ਜਿੱਤ ਸਕਦੇ ਹਾਂ, ਜਦੋਂ ਤੱਕ ਅਸੀਂ ਉਸ ਦੇਸ਼ ਦੀ ਰੀੜ੍ਹ ਦੀ ਹੱਡੀ, ਭਾਵ ਉਸ ਦੀ ਸੰਸਕ੍ਰਿਤਕ ਅਤੇ ਅਧਿਆਤਮਕ ਵਿਰਾ-ਸਤ ਉਤੇ ਵਾਰ ਨਹੀਂ ਕਰਾਂਗੇ। ਮੈਂ ਪ੍ਰਸਤਾਵਿਤ ਕਰਦਾ ਹਾਂ ਕਿ ਸਾਨੂੰ ਭਾਰਤ ਦਾ ਪੁਰਾਣਾ ਮਜ਼ਬੂਤ ਸਿਖਿਆ ਤੰਤਰ ਬਦਲਣਾ ਹੋਵੇਗਾ। ਭਾਰਤ ਦੀ ਜਨਤਾ ਨੂੰ ਇਹ ਸੋਚਣ ਲਈ ਮਜਬੂਰ ਕਰਨਾ ਹੋਵੇਗਾ ਕਿ ਵਿਦੇਸ਼ੀ ਤੇ ਅੰਗਰੇਜ਼ ਉਨ੍ਹਾਂ ਤੋਂ ਵਧੀਆ ਹਨ, ਫਿਰ ਉਹ ਆਪਣਾ ਸਵੈਮਾਣ ਅਤੇ ਸੰਸਕ੍ਰਿਤੀ ਭੁੱਲ ਜਾਣਗੇ ਤੇ ਫਿਰ ਅਸੀਂ ਜਿਵੇਂ ਚਾਹਾਂਗੇ, ਉਵੇਂ ਹੀ ਭਾਰਤ 'ਤੇ ਸ਼ਾਸਨ ਕਰ ਸਕਾਂਗੇ।

ਅੱਜ ਮੈਕਾਲੇ ਦੀ ਧਾਰਨਾ ਸਹੀ ਹੁੰਦੀ ਜਾਂਦੀ ਹੈ। ਵਪਾਰੀ ਲੋਕ ਸਾਡੇ 'ਤੇ ਵਪਾਰ ਕਰਦੇ ਅਤੇ ਆਪਣੀ ਮਰਜ਼ੀ ਨਾਲ ਸਾਨੂੰ ਨਚਾ ਰਹੇ ਹਨ। ਇਸ ਵੱਲ ਧਿਆਨ ਦੇਣ ਦੀ ਲੋੜ ਹੈ। ਸਭ ਤੋਂ ਵੱਡਾ ਕਾਰਨ ਜੋ ਮੈਨੂੰ ਨਜ਼ਰ ਆਉਂਦਾ ਹੈ, ਉਹ ਸਰਕਰਾ ਦੀ ਲਾਪਰਵਾਹੀ ਹੈ ਕਿਉਂਕਿ ਵਿਦਿਆ ਦੇ ਅਜਿਹੇ ਹਾਲਾਤ ਬਣ ਗਏ ਹਨ ਕਿ ਅੱਜ ਵਿਦਿਆ ਵੰਡਣ ਦੀ ਥਾਂ 'ਤੇ ਵਿਕਣ ਲੱਗੀ ਹੈ, ਜਿਸ ਨੂੰ ਵਿਦਿਆਰਥੀ ਗ੍ਰਹਿਣ ਕਰਨ ਦੀ ਥਾਂ 'ਤੇ ਖਰੀਦਣ ਲੱਗ ਪਏ ਹਨ। ਇਸ ਦੇ ਲਈ ਨਵੇਂ ਕਾਨੂੰਨ ਬਣਾਏ ਤਾਂ ਗਏ ਹਨ, ਪਰ ਉਨ੍ਹਾਂ ਕਾਨੂੰਨਾਂ ਨੂੰ ਲਾਗੂ ਨਹੀਂ ਕੀਤਾ ਗਿਆ। ਅਖੀਰ ਵਿੱਚ ਮੈਂ ਕਹਿ ਰਿਹਾ ਹਾਂ ਕਿ ਅੱਜਕੱਲ੍ਹ ਸਿਖਿਆ ਦਿੱਤੀ ਨਹੀਂ ਜਾ ਰਹੀ, ਵੇਚੀ ਜਾ ਰਹੀ ਹੈ।

ਮੈਂ ਇਸ ਸਥਿਤੀ ਨੂੰ ਦੇਖ ਕੇ ਚਿੰਤਤ ਹਾਂ ਕਿਉਂਕਿ ਮੈਨੂੰ ਆਪਣਾ ਸਮਾਂ ਯਾਦ ਆ ਜਾਂਦਾ ਹੈ ਅਤੇ ਮੈਂ ਅਜੇ ਵੀ :

ਅਪਨੇ ਗੁਰੂ ਕੋ ਪ੍ਰਣਾਮ ਕਰਤਾ ਹੂੰ,
ਜਿਸ ਸੇ ਮੈਨੇ ਯਹ ਗਿਆਨ ਪਾਇਆ ਹੈ,
ਮਾਤਾ-ਪਿਤਾ ਔਰ ਗੁਰੂ ਕੇ ਚਰਣੋਂ ਮੇਂ,
ਅਪਨਾ ਸ਼ੀਸ਼ ਝੁਕਾਇਆ ਹੈ।

Dr. Randhawa Dentistry
Your own dentist who really cares for you

We Provide the following Services:
- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

Dr. Samreet Kaur Randhawa
General Family Dentist

New Patients welcome
Deal Directly with all Insurance Companies

- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜਰ ਨਹੀਂ ਆਉਂਦੀਆਂ
Show Your Smile More With Invisible Braces!

NEW LOCATION
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111

FIRST LOCATION
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044

Mayfield Rd
Mcvean Dr
Gore Rd
DENTISTRY
Squire Ellis Dr
Countryside Dr

Jobs Jobs Jobs

General Labour/ Drivers/ Window Assemblers & Machine Operators

ਅੱਜ ਆਓ ਤੇ ਕੱਲ ਕੰਮ ਤੇ ਜਾਓ

- Full time/Part time workers Needed
- Morning & Afternoon Shifts Available
- 12 ਘੰਟੇ ਦੀਆਂ Shifts Available ਹਨ
- 7 ਦਿਨ ਕੰਮ ਉਪਲਬੱਧ ਹੈ।
- ਦਿਨ ਅਤੇ ਰਾਤ ਦੀਆਂ ਸਾਰੀਆਂ Shifts Available ਹਨ
- ਕੰਮ ਦੀ ਟ੍ਰੇਨਿੰਗ ਪਹਿਲਾਂ ਦਿਤੀ ਜਾਵੇਗੀ

ਜਿਆਦਾ ਜਾਣਕਾਰੀ ਲਈ ਸੰਪਰਕ ਕਰੋ:-
416.618.6030/416 477 3344
2355 Derry Rd E, Unit #20, 2nd Floor, Mississauga
Torbram/Derry intersection ਦੇ ਨੇੜੇ

# ਪੰਜਾਬ ਪਿੱਛੋਂ ਹੋਰਨਾਂ ਰਾਜਾਂ ਦੀ ਕਰਜ਼ਾ ਮੁਆਫ਼ੀ ਉੱਤੇ ਅਮਰਿੰਦਰ ਸਿੰਘ ਖ਼ੁਸ਼

ਚੰਡੀਗੜ੍ਹ, 2 ਜਨਵਰੀ (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਇਸ ਗੱਲੋਂ ਖ਼ੁਸ਼ ਹਨ ਕਿ ਕਿਸਾਨਾਂ ਦੇ ਕਰਜ਼ੇ ਮੁਆਫ਼ ਕਰਨ ਦੀ ਉਨ੍ਹਾਂ ਦੀ ਯੋਜਨਾ ਨੂੰ ਨਵੀਆਂ ਬਣੀਆਂ ਕਾਂਗਰਸ ਸਰਕਾਰਾਂ ਨੇ ਵੀ ਲਾਗੂ ਕਰ ਦਿੱਤਾ ਹੈ। ਇਹ ਮੰਨਦੇ ਹੋਏ ਕਿ ਪੰਜਾਬ ਦੀ ਮਾਲੀ ਹਾਲਤ ਠੀਕ ਨਾ ਹੋਣ ਕਰਕੇ ਇਸ ਯੋਜਨਾ ਦਾ ਲਾਭ ਕਈ ਕਿਸਾਨਾਂ ਨੂੰ ਨਹੀਂ ਮਿਲ ਸਕਿਆ, ਉਨ੍ਹਾਂ ਨੇ ਭਰੋਸਾ ਦਿੱਤਾ ਕਿ ਯੋਜਨਾ ਦਾ ਲਾਭ ਖੇਤ ਮਜ਼ਦੂਰਾਂ ਨੂੰ ਵੀ ਦੇਣਾ ਹੈ। ਪੰਚਾਇਤ ਚੋਣਾਂ ਦੇ ਦੌਰਾਨ ਕਾਂਗਰਸ ਪਾਰਟੀ ਦੀ ਹੂੰਝਾ ਫੇਰ ਜਿੱਤ ਬਾਰੇ ਉਨ੍ਹਾਂ ਕਿਹਾ ਕਿ ਇਸ ਤੋਂ ਸਾਬਿਤ ਹੁੰਦਾ ਹੈ ਕਿ ਕਰਜ਼ਾ ਮੁਆਫ਼ੀ ਨਾਲ ਕਿਸਾਨ ਖ਼ੁਸ਼ ਹਨ। ਮੁੱਖ ਮੰਤਰੀ ਨੇ ਕਿਸਾਨਾਂ ਨੂੰ ਬਿਜਲੀ ਸਬਸਿਡੀ ਜਾਰੀ ਰੱਖਣ ਦਾ ਵੀ ਭਰੋਸਾ ਦਿੱਤਾ ਹੈ।



ਨਵੇਂ ਸਾਲ ਮੌਕੇ ਇੱਕ ਪੰਜਾਬੀ ਅਖਬਾਰ ਨੂੰ ਦਿੱਤੀ ਉਚੇਚੀ ਇੰਟਰਵਿਊ ਦੌਰਾਨ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਇਹ ਗੱਲਾਂ ਕਹੀਆਂ ਤੇ ਸਭ ਤੋਂ ਵੱਧ ਜ਼ੋਰ ਇਸ ਗੱਲ ਉੱਤੇ ਦਿੱਤਾ ਕਿ ਮੈਂ ਖ਼ੁਸ਼ ਹਾਂ ਕਿ ਮੇਰੀ ਸਰਕਾਰ ਛੋਟੇ ਤੇ ਦਰਮਿਆਨੇ ਕਿਸਾਨਾਂ ਦੇ ਕਰਜ਼ੇ ਮੁਆਫ਼ ਕਰਨ ਵਿੱਚ ਸਫਲ ਰਹੀ ਹੈ, ਜਦ ਕਿ ਪਿਛਲੀ ਅਕਾਲੀ-ਭਾਜਪਾ ਸਰਕਾਰ ਇਸ ਰਾਜ ਦੇ ਸਿਰ 1.95 ਲੱਖ ਕਰੋੜ ਰੁਪਏ ਕਰਜ਼ਾ ਛੱਡ ਗਈ ਸੀ, ਜਿਸ ਦਾ ਅਰਥ ਸੀ ਕਿ ਹਰ ਪੰਜਾਬੀ ਦੇ ਹਿੱਸੇ 70343 ਰੁਪਏ ਕਰਜ਼ਾ ਹੈ। ਉਹ ਸਰਕਾਰ ਚੋਣਾਂ ਵਿੱਚ ਹਾਰਨ ਤੋਂ ਕੁਝ ਹਫ਼ਤੇ ਪਹਿਲਾਂ ਅਨਾਜ ਦੀ ਖਰੀਦ ਬਹਾਨੇ ਨਾਲ 31 ਹਜ਼ਾਰ ਕਰੋੜ ਰੁਪਏ ਦਾ ਹੋਰ ਬੋਝ ਲੋਕਾਂ ਉੱਤੇ ਪਾ ਗਈ ਸੀ। ਅਮਰਿੰਦਰ ਸਿੰਘ ਨੇ ਕਿਹਾ ਕਿ ਮੈਨੂੰ ਖ਼ੁਸ਼ੀ ਹੈ ਕਿ ਕਿਸਾਨਾਂ ਨਾਲ ਕੀਤੇ ਵਾਅਦੇ ਨੂੰ ਪੂਰਾ ਕਰਨ ਲਈ ਅਸੀਂ ਫਾਰਮੂਲਾ ਕੱਢਣ ਵਿੱਚ ਸਫਲ ਰਹੇ, ਪਰ ਇਸ ਗੱਲ ਦਾ ਦੁੱਖ ਹੈ ਕਿ ਵਿੱਤੀ ਸੰਕਟ ਕਾਰਨ ਅਸੀਂ ਕਰਜ਼ੇ ਦੇ ਬੋਝ ਹੇਠ ਦੱਬੇ ਹੋਏ ਸਾਰੇ ਕਿਸਾਨਾਂ ਨੂੰ ਸੌ ਫ਼ੀਸਦੀ ਛੋਟ ਨਹੀਂ ਦੇ ਸਕੇ। ਫਿਰ ਵੀ ਜਦੋਂ ਹਾਲਾਤ ਸੁਧਰੇ ਤਾਂ ਖੇਤ ਮਜ਼ਦੂਰਾਂ ਸਮੇਤ ਕਈ ਵਰਗਾਂ ਦੇ ਕਰਜ਼ੇ ਮੁਆਫ਼ ਕਰਾਂਗੇ।

ਕੈਪਟਨ ਅਮਰਿੰਦਰ ਸਿੰਘ ਦੇ ਦੱਸਣ ਮੁਤਾਬਕ 28 ਦਸੰਬਰ ਤਕ 3,13,715 ਕਿਸਾਨਾਂ ਦੇ ਕੋਆਪਰੇ-ਟਿਵ ਬੈਂਕਾਂ ਦੇ ਕਰਜ਼ੇ ਦੀ ਰਕਮ 1779.94 ਕਰੋੜ ਰੁਪਏ ਮੁਆਫ਼ ਹੋ ਚੁੱਕੀ ਹੈ। ਇਸ ਵਿੱਚੋਂ 19,456 ਕਿਸਾਨਾਂ ਨੂੰ ਡੇਢ ਲੱਖ ਤੋਂ ਵੱਧ ਅਤੇ 28,552 ਕਿਸਾਨਾਂ ਨੂੰ ਇਕ ਤੋਂ ਡੇਢ ਲੱਖ ਰੁਪਏ ਤੱਕ ਛੋਟ ਮਿਲੀ ਹੈ। 86,304 ਕਿਸਾਨਾਂ ਨੂੰ 50 ਹਜ਼ਾਰ ਤੋਂ ਇਕ ਲੱਖ ਰੁਪਏ, 98,464 ਕਿਸਾਨਾਂ ਨੂੰ 25 ਹਜ਼ਾਰ ਤੋਂ 50 ਹਜ਼ਾਰ ਰੁਪਏ ਅਤੇ 61,338 ਕਿਸਾਨਾਂ ਨੂੰ 10 ਹਜ਼ਾਰ ਤੋਂ 25 ਹਜ਼ਾਰ ਰੁਪਏ ਛੱਡੇ ਗਏ ਹਨ। ਸਿਰਫ਼ 19,601 ਕਿਸਾਨਾਂ ਨੂੰ 10 ਹਜ਼ਾਰ ਰੁਪਏ ਤੋਂ ਘੱਟ ਛੋਟ ਮਿਲੀ ਹੈ। ਇਹ ਸਭ ਕੋਆਪਰੇਟਿਵ ਬੈਂਕਾਂ ਦਾ ਕਰਜ਼ਾ ਸੀ। ਕਮਰਸ਼ੀਅਲ ਬੈਂਕਾਂ ਤੋਂ 1,00,560 ਕਿਸਾਨੀ ਕਰਜ਼ੇ ਦੀ ਰਕਮ 1637.43 ਕਰੋੜ ਰੁਪਏ ਬਣਦੀ ਹੈ। ਉਨ੍ਹਾਂ ਕਿਹਾ ਕਿ ਅਕਾਲੀ ਰਾਜ ਵਿਚ ਖੇਤੀਬਾੜੀ ਯੂਨੀਵਰਸਿਟੀ ਦੇ ਅੰਕੜਿਆਂ ਮੁਤਾਬਕ ਸਾਲ 2007 ਤੋਂ 2017 ਤੱਕ ਕਰਜ਼ੇ ਦੇ ਕਾਰਨ 9155 ਕਿਸਾਨਾਂ ਨੇ ਖ਼ੁਦਕੁਸ਼ੀਆਂ ਕੀਤੀਆਂ ਸਨ, ਇਹ ਹਰ ਸਾਲ 915 ਬਣਦੀਆਂ ਸਨ ਤੇ ਮਾਰਚ 2017 ਤੋਂ ਦਸੰਬਰ 2018 ਤੱਕ ਅਜਿਹੇ 140 ਕੇਸ ਹੋਏ ਹਨ, ਜਿਹੜੇ ਉਸ ਰਾਜ ਤੋਂ 84 ਫ਼ੀਸਦੀ ਤੱਕ ਘੱਟ ਹਨ, ਪਰ ਮੈਂ ਉਦੋਂ ਤੱਕ ਖ਼ੁਸ਼ ਨਹੀਂ ਹੋਣਾ, ਜਦੋਂ ਤੱਕ ਕਿਸਾਨ ਖ਼ੁਦਕੁਸ਼ੀ ਦਾ ਇੱਕ ਵੀ ਕੇਸ ਆਉਣਾ ਬੰਦ ਨਾ ਹੋ ਜਾਵੇ।

ਇਸ ਮੌਕੇ ਮੁੱਖ ਮੰਤਰੀ ਨੇ ਕਿਹਾ ਕਿ ਕਰਜ਼ਾ ਮੁਆਫ਼ੀ ਇਸ ਦਾ ਵਕਤੀ ਹੱਲ ਹੈ, ਜੇ ਕਿਸਾਨਾਂ ਨੂੰ ਕਰਜ਼ੇ ਦੇ ਗੇੜ ਤੋਂ ਕੱਢਣਾ ਹੈ ਤਾਂ ਉਨ੍ਹਾਂ ਨੂੰ ਤੁਰੰਤ ਮਦਦ ਦੀ ਲੋੜ ਹੈ। ਫ਼ਸਲੀ ਵਿਭਿੰਨਤਾ ਹੀ ਉਹ ਤਰੀਕਾ ਹੈ, ਜਿਸ ਨਾਲ ਭਲਾ ਹੋਵੇਗਾ ਤੇ ਅਸੀਂ ਵੱਡੇ ਪੱਧਰ ਉੱਤੇ ਇਸ ਬਾਰੇ ਕੰਮ ਕਰ ਰਹੇ ਹਾਂ। ਸੂਬਾਈ ਕਿਸਾਨ ਕਮਿਸ਼ਨ ਨੇ ਕਿਸਾਨਾਂ ਦੀ ਬਿਜਲੀ ਸਬਸਿਡੀ ਵਾਪਸ ਲੈਣ ਨੂੰ ਕਿਹਾ ਹੈ, ਪਰ ਅਸੀਂ ਏਦਾਂ ਨਹੀਂ ਕਰਾਂਗੇ। ਕਿਸਾਨ ਪਹਿਲਾਂ ਹੀ ਆਰਥਿਕ ਪੱਖੋਂ ਦੁਖੀ ਹਨ, ਅਸੀਂ ਅਜਿਹਾ ਕੋਈ ਫ਼ੈਸਲਾ ਲਾਗੂ ਨਹੀਂ ਕਰਾਂਗੇ, ਜਿਸ ਨਾਲ ਉਨ੍ਹਾਂ ਨੂੰ ਖੇਤੀਬਾੜੀ ਲਈ ਵਰਤੀ ਗਈ ਬਿਜਲੀ ਦਾ ਬਿੱਲ ਦੇਣਾ ਪਵੇ।

# ਪੋਲੈਂਡ ਭੇਜਣ ਦੇ ਬਹਾਨੇ ਦੋ ਲੱਖ ਰੁਪਏ ਦੀ ਠੱਗੀ ਮਾਰਨ ਦੇ ਦੋਸ਼ ਵਿੱਚ ਐਡਵੋਕੇਟ ਉਤੇ ਕੇਸ

ਜਲੰਧਰ, 2 ਜਨਵਰੀ (ਪੋਸਟ ਬਿਊਰੋ)- ਥਾਣਾ ਨਵੀਂ ਬਾਰਾਦਰੀ ਪੁਲਸ ਨੇ ਪਟਿਆਲਾ ਵਿੱਚ ਹੈਬੋਵਾਲ ਰੋਡ 'ਤੇ ਆਦਰਸ਼ ਕਲੋਨੀ ਦੇ ਵਸਨੀਕ ਐਡਵੋਕੇਟ ਬਿਕਰਮ ਅਤਰੀ ਦੇ ਖਿਲਾਫ ਇੱਕ ਵਿਅਕਤੀ ਨੂੰ ਪੋਲੈਂਡ ਭੇਜਣ ਦੇ ਨਾਂਅ 'ਤੇ ਦੋ ਲੱਖ ਰੁਪਏ ਠੱਗਣ ਦੇ ਦੋਸ਼ ਵਿੱਚ ਕੇਸ ਦਰਜ ਕੀਤਾ ਹੈ।

ਐਡਵੋਕੇਟ ਬਿਕਰਮ ਉਤੇ ਦੋਸ਼ ਹੈ ਕਿ ਉਸ ਨੇ ਗੁਰੂ ਨਾਨਕਪੁਰਾ ਦੇ ਵਸਨੀਕ ਗੌਤਮ ਨੂੰ ਵਰਕ ਪਰਮਿਟ ਉੱਤੇ ਪੋਲੈਂਡ ਭੇਜਣ ਦੇ ਨਾਂਅ 'ਤੇ ਤਿੰਨ ਲੱਖ ਰੁਪਏ ਵਿੱਚ ਡੀਲ ਕੀਤੀ ਸੀ। ਦੋਸ਼ ਇਹ ਹੈ ਕਿ ਐਡਵੋਕੇਟ ਨੇ ਗੌਤਮ ਤੋਂ ਦੋ ਲੱਖ ਰੁਪਏ ਐਡਵਾਂਸ ਲਏ, ਪਰ ਪੋਲੈਂਡ ਦਾ ਵੀਜ਼ਾ ਨਹੀਂ ਲਵਾ ਕੇ ਦਿੱਤਾ। ਪੁਲਸ ਨੂੰ ਕੰਪਲੇਂਟ ਵਿੱਚ ਗੌਤਮ ਨੇ ਦੱਸਿਆ ਸੀ ਕਿ ਕਿਸੇ ਜਾਣਕਾਰ ਦੇ ਰਾਹੀਂ ਪਟਿਆਲਾ ਦੇ ਐਡਵੋਕੇਟ ਨਾਲ ਸੰਪਰਕ ਹੋਇਆ ਸੀ। ਐਡਵੋਕੇਟ ਨੇ ਕਿਹਾ ਸੀ ਕਿ ਉਹ ਵਰਕ ਪਰਮਿਟ 'ਤੇ ਲੋਕਾਂ ਨੂੰ ਵਿਦੇਸ਼ ਭੇਜਦਾ ਹੈ। ਇਸ ਦੇ ਬਾਅਦ



ਦਸੰਬਰ 2017 ਵਿੱਚ ਉਹ ਪਹਿਲੀ ਵਾਰ ਦੋਸ਼ੀ ਐਡਵੋਕੇਟ ਨੂੰ ਮਿਲਣ ਪਟਿਆਲਾ ਗਿਆ। ਐਡਵੋਕੇਟ ਨੇ ਕਿਹਾ ਕਿ ਸਾਢੇ ਤਿੰਨ ਲੱਖ ਰੁਪਏ ਵਿੱਚ ਪੋਲੈਂਡ ਦਾ ਵਰਕ ਪਰਮਿਟ ਵੀਜ਼ਾ ਲਵਾ ਦੇਵੇਗਾ। ਤਿੰਨ ਮਹੀਨੇ ਵਿੱਚ ਵੀਜ਼ਾ ਆ ਜਾਏਗਾ। ਡੀਲ ਮੁਤਾਬਕ ਐਡਵੋਕੇਟ ਦੇ ਬੈਂਕ ਖਾਤੇ ਵਿੱਚ ਇੱਕ ਲੱਖ ਰੁਪਏ ਪਾਏ ਸਨ। ਇਸ ਦੇ ਬਾਅਦ ਇੱਕ ਲੱਖ ਰੁਪਏ ਕੈਸ਼ ਦਿੱਤਾ। ਚਾਰ ਮਹੀਨੇ ਬਾਅਦ ਐਡਵੋਕੇਟ ਨੇ ਫੋਨ ਬੰਦ ਕਰ ਲਿਆ। ਗੌਤਮ ਦੀ ਸ਼ਿਕਾਇਤ 'ਤੇ ਐਡਵੋਕੇਟ ਦੇ ਖਿਲਾਫ ਕੇਸ ਦਰਜ ਕੀਤਾ ਗਿਆ। ਐੱਸ ਐੱਚ ਓ ਬਲਵੀਰ ਨੇ ਦੱਸਿਆ ਕਿ ਦੋਸ਼ੀ ਦੇ ਟਿਕਾਣਿਆਂ 'ਤੇ ਛਾਪੇਮਾਰੀ ਕੀਤੀ ਜਾਏਗੀ।

# ਇੱਕ ਏਕੜ ਜ਼ਮੀਨ ਅਤੇ ਅੱਠ ਲੱਖ ਰੁਪਏ ਦਾਨ ਦੇ ਕੇ ਕਰਮਜੀਤ ਕੌਰ ਨੇ ਸਰਪੰਚੀ ਲਈ

ਫਰੀਦਕੋਟ, 2 ਜਨਵਰੀ (ਪੋਸਟ ਬਿਊਰੋ)- ਇਸ ਜ਼ਿਲ੍ਹੇ ਦੀਆਂ ਕੁੱਲ 243 ਗਰਾਮ ਪੰਚਾਇਤਾਂ ਵਿੱਚੋਂ 45 ਪੰਚਾਇਤਾਂ ਦੀ ਚੋਣ ਸਰਬ ਸੰਮਤੀ ਨਾਲ ਹੋਈ ਹੈ। ਸਰਬ ਸੰਮਤੀ ਨਾਲ ਚੁਣੇ ਗਏ ਸਰਪੰਚ ਅਤੇ ਪੰਚਾਂ ਨੂੰ ਪੈਸਾ ਖਰਚ ਕਰਨਾ ਪਿਆ ਹੈ। ਬਲਾਕ ਫਰੀਦਕੋਟ ਦੇ ਪਿੰਡ ਡੱਲੇਵਾਲਾ ਵਿੱਚ ਸਰਬ ਸੰਮਤੀ ਨਾਲ ਸਰਪੰਚ ਬਣੀ 60 ਸਾਲਾ ਕਰਮਜੀਤ ਕੌਰ ਨੂੰ ਵੀ ਆਪਣੇ ਨਾਂਅ 'ਤੇ ਸਹਿਮਤੀ ਦੇ ਲਈ ਪਿੰਡ ਦੇ ਸਰਕਾਰੀ ਸਕੂਲ ਨੂੰ ਇੱਕ ਏਕੜ ਜ਼ਮੀਨ ਅਤੇ ਪਿੰਡ ਦੇ ਧਾਰਮਿਕ ਸਥਾਨਾਂ ਨੂੰ ਅੱਠ ਲੱਖ ਰੁਪਏ ਦਾਨ ਦੇਣੇ ਪਏ ਹਨ।

ਮਿਲੀ ਜਾਣਕਾਰੀ ਅਨੁਸਾਰ ਦੋ ਹਫਤੇ ਪਹਿਲਾਂ ਪਿੰਡ ਡੱਲੇਵਾਲਾ ਵਿੱਚ ਸਰਪੰਚੀ ਅਹੁਦੇ ਲਈ ਕਰਮਜੀਤ ਕੌਰ ਦੀ ਉਮੀਦਵਾਰੀ ਦਾ ਐਲਾਨ ਕੀਤਾ ਗਿਆ ਸੀ। ਪਿੰਡ ਵਾਸੀਆਂ ਨੇ ਇਸ ਨੂੰ ਮਨਜ਼ੂਰੀ ਕਰਦੇ ਹੋਏ ਫੈਸਲਾ ਲਿਆ ਕਿ ਉਨ੍ਹਾਂ ਦੇ ਖਿਲਾਫ ਕੋਈ ਵੀ ਨਾਮਜ਼ਦਗੀ ਪੱਤਰ ਨਹੀਂ ਭਰੇਗਾ। ਇਸ ਦੇ ਬਾਵਜੂਦ ਪਿੰਡ ਦੇ ਇੱਕ ਸਾਬਕਾ ਫੌਜੀ ਨੇ ਕਰਮਜੀਤ ਕੌਰ ਦੇ ਖਿਲਾਫ ਨਾਮਜ਼ਦਗੀ ਪੱਤਰ ਦਾਖਲ ਕਰ ਦਿੱਤਾ। ਪਿੰਡ ਵਾਸੀਆਂ ਨੇ ਉਨ੍ਹਾਂ ਨੂੰ ਕਾਫੀ ਮਨਾਉਣਾ ਚਾਹਿਆ, ਪਰ ਉਹ ਚੋਣ ਲੜਨ ਦੇ ਐਲਾਨ ਉੱਤੇ ਕਾਇਮ ਰਹੇ। ਕਾਫੀ ਖਿੱਚੋਤਾਣ ਦੇ ਬਾਅਦ ਕਰਮਜੀਤ ਕੌਰ ਦੇ ਪਰਵਾਰ ਵੱਲੋਂ ਪਿੰਡ ਦੇ ਸਰਕਾਰੀ ਸਕੂਲ ਨੂੰ ਇੱਕ ਏਕੜ ਜ਼ਮੀਨ ਦੇਣ ਅਤੇ ਧਾਰਮਿਕ ਸਥਾਨਾਂ ਨੂੰ ਅੱਠ ਲੱਖ ਰੁਪਏ ਦਾਨ ਦੇਣ ਦਾ ਐਲਾਨ ਕੀਤੇ ਜਾਣ 'ਤੇ ਸਾਬਕਾ ਫੌਜੀ ਨੇ ਆਪਣਾ ਨਾਮਜ਼ਦਗੀ ਪੱਤਰ ਵਾਪਸ ਲਿਆ। ਨਵੀਂ ਚੁਣੀ ਸਰਪੰਚ ਕਰਮਜੀਤ ਕੌਰ ਦੇ ਬੇਟੇ ਵੀਰਪਾਲ ਸਿੰਘ ਨੇ ਕਿਹਾ ਕਿ ਉਨ੍ਹਾਂ ਦਾ ਪਰਵਾਰ ਅਗਲੇ ਦਸ ਦਿਨਾਂ ਵਿੱਚ ਇੱਕ ਏਕੜ ਜ਼ਮੀਨ ਸਕੂਲ ਦੇ ਨਾਂਅ ਕਰਵਾ ਦੇਵੇਗਾ।

# ਧੁੰਦ ਵਿੱਚ ਕੈਂਟਰ ਅਤੇ ਛੋਟੇ ਹਾਥੀ ਦੀ ਟੱਕਰ ਕਾਰਨ ਤਿੰਨ ਮੌਤਾਂ

ਲੁਧਿਆਣਾ, 2 ਜਨਵਰੀ (ਪੋਸਟ ਬਿਊਰੋ)- ਇਸ ਮਹਾਨਗਰ ਦੀ ਚੰਡੀਗੜ੍ਹ ਰੋਡ ਉੱਤੇ ਨੀਚੀ ਮੰਗਲੀ ਤੋਂ ਆਏ ਇਕ ਤੇਜ਼ ਰਫਤਾਰ ਕੈਂਟਰ ਨੇ ਛੋਟੇ ਹਾਥੀ (ਹਾਫ ਟਰੱਕ) ਨੂੰ ਟੱਕਰ ਮਾਰ ਦਿੱਤੀ, ਜਿਸ ਕਾਰਨ ਛੋਟਾ ਹਾਥੀ ਦੇ ਚਾਲਕ ਅਤੇ ਉਸ ਦੇ ਦੋ ਸਾਥੀਆਂ ਦੀ ਮੌਤ ਹੋ ਗਈ ਤੇ ਪਿੱਛੇ ਬੈਠੇ ਤਿੰਨ ਜਣੇ ਜ਼ਖਮੀ ਹੋ ਗਏ। ਇਨ੍ਹਾਂ ਦੀ ਪਛਾਣ ਬਲਵੀਰ ਸਿੰਘ (29) ਪਿੰਡ ਗੰਗੂਰਾਏ, ਭੈਣੀ ਸਾਹਿਬ ਦੇ ਪੰਚਮ (25) ਤੇ ਓਮਾ ਸਾਹਨੀ (45) ਪਿੰਡ ਚੰਦਰਾ ਵਜੋਂ ਹੋਈ ਹੈ।

ਮਿਲੀ ਜਾਣਕਾਰੀ ਅਨੁਸਾਰ ਬਲਵੀਰ ਸਿੰਘ, ਪੰਚਮ ਅਤੇ ਓਮਾ ਸਾਹਨੀ ਸਬਜ਼ੀ ਵੇਚਣ ਦਾ ਕਾਰੋਬਾਰ ਕਰਦੇ ਸਨ। ਕੱਲ੍ਹ ਤੜਕੇ ਬਲਵੀਰ ਸਿੰਘ, ਪੰਚਮ ਅਤੇ ਸਾਹਨੀ ਲੁਧਿਆਣਾ ਸਬਜ਼ੀ ਮੰਡੀ ਤੋਂ ਸਬਜ਼ੀ ਲੈਣ ਚੱਲੇ ਸਨ। ਬਲਵੀਰ ਸਿੰਘ ਛੋਟਾ ਹਾਥੀ ਚਲਾ ਰਿਹਾ ਸੀ ਅਤੇ ਪੰਚਮ ਤੇ ਓਮਾ ਸਾਹਨੀ ਨਾਲ ਬੈਠੇ ਸਨ ਅਤੇ ਤਿੰਨ ਵਿਅਕਤੀ ਪਿੱਛੇ ਬੈਠੇ ਸਨ। ਜਦੋਂ ਉਹ ਨੀਚੀ ਮੰਗਲੀ ਕੋਲ ਪੁੱਜੇ ਤਾਂ ਸਾਹਮਣਿਓਂ ਗਲਤ ਸਾਈਡ ਆ ਰਹੇ ਤੇਜ਼ ਰਫਤਾਰ ਕੈਂਟਰ ਵਾਲੇ ਨੂੰ ਧੁੰਦ ਕਾਰਨ ਕੁਝ ਦਿਖਾਈ ਨਹੀਂ ਦਿੱਤਾ ਤੇ ਉਸ ਨੇ ਛੋਟੇ ਹਾਥੀ ਨੂੰ ਟੱਕਰ ਮਾਰ ਦਿੱਤੀ। ਪੰਚਮ ਅਤੇ ਬਲਵੀਰ ਸਿੰਘ ਦੀ ਮੌਕੇ ਉੱਤੇ ਮੌਤ ਹੋ ਗਈ, ਜਦ ਕਿ ਓਮਾ ਸਾਹਨੀ ਗੰਭੀਰ ਜ਼ਖਮੀ ਹੋ ਗਿਆ ਤੇ ਉਸ ਦੀ ਹਸਪਤਾਲ ਜਾ ਕੇ ਮੌਤ ਹੋ ਗਈ। ਮ੍ਰਿਤਕ ਬਲਵੀਰ ਸਿੰਘ ਦੇ ਭਰਾ ਰਾਜ ਕੁਮਾਰ ਨੇ ਦੱਸਿਆ ਕਿ ਮੁਲਜ਼ਮ ਗੱਡੀ ਛੱਡ ਕੇ ਫਰਾਰ ਹੋ ਗਿਆ।

# ਰਾਜੀਵ ਦੇ ਬੁੱਤ ਉੱਤੇ ਕਾਲਖ ਫੇਰਨ ਵਾਲੇ ਯੂਥ ਅਕਾਲੀ ਆਗੂ ਦਾ ਨਵਾਂ ਰੂਪ ਸਾਹਮਣੇ ਆਇਆ

* ਸੋਨੀਆ ਗਾਂਧੀ ਨਾਲ ਗੋਸ਼ਾ ਦੀ ਫੋਟੋ ਵਾਇਰਲ

ਲੁਧਿਆਣਾ, 2 ਜਨਵਰੀ (ਪੋਸਟ ਬਿਊਰੋ)- ਇੱਥੇ ਸਲੇਮ ਟਾਬਰੀ ਇਲਾਕੇ ਵਿੱਚ ਮਰਹੂਮ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੇ ਬੁੱਤ ਉੱਤੇ 25 ਦਸੰਬਰ ਨੂੰ ਕਾਲਖ਼ ਫੇਰਨ ਵਾਲੇ ਯੂਥ ਅਕਾਲੀ ਆਗੂ ਗੁਰਦੀਪ ਸਿੰਘ ਗੋਸ਼ਾ ਵੱਲੋਂ ਕਾਂਗਰਸ ਆਗੂ ਸੋਨੀਆ ਗਾਂਧੀ ਨੂੰ ਸਨਮਾਨਿਤ ਕਰਨ ਦੀ ਫੋਟੋ ਸੋਸ਼ਲ ਮੀਡੀਆ 'ਤੇ ਚਰਚਾ ਦਾ ਵਿਸ਼ਾ ਬਣ ਗਈ ਹੈ।



ਗੋਸ਼ਾ ਦੀ ਸੋਨੀਆ ਗਾਂਧੀ ਨਾਲ ਵਾਇਲਬ ਫੋਟੋ।

ਵਰਨਣ ਯੋਗ ਹੈ ਕਿ ਗੁਰਦੀਪ ਸਿੰਘ ਗੋਸ਼ਾ ਇਸ ਤੋਂ ਪਹਿਲਾਂ ਸ਼੍ਰੋਮਣੀ ਅਕਾਲੀ ਦਲ (ਦਿੱਲੀ) ਦੀ ਪੰਜਾਬ (ਯੂਥ) ਇਕਾਈ ਦੇ ਪ੍ਰਧਾਨ ਸਨ ਅਤੇ ਪਾਰਟੀ ਪ੍ਰਧਾਨ ਪਰਮਜੀਤ ਸਿੰਘ ਸਰਨਾ ਨਾਲ ਨੇੜਤਾ ਕਾਰਨ ਅਕਸਰ ਦਿੱਲੀ 'ਚ ਹੁੰਦੀਆਂ ਸਰਗਰਮੀਆਂ ਵਿਚ ਜਾਂਦੇ ਸਨ। ਸਾਲ 2011 ਵਿਚ ਸ਼੍ਰੋਮਣੀ ਗੁਰਦੁ-ਆਰਾ ਪ੍ਰਬੰਧਕ ਕਮੇਟੀ ਦੀ ਚੋਣ ਉਨ੍ਹਾਂ ਦਿੱਲੀ ਅਕਾਲੀ ਦਲ ਦੇ ਉਮੀਦਵਾਰ ਵਜੋਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਦੇ ਖ਼ਿਲਾਫ਼ ਲੜੀ ਸੀ। ਯੂ ਪੀ ਏ ਸਰਕਾਰ ਦੇ ਵਕਤ ਜਦੋਂ ਅਨੰਦ ਮੈਰਿਜ ਐਕਟ ਬਣਾਇਆ ਗਿਆ ਤਾਂ ਸਰਨਾ ਭਰਾਵਾਂ ਨੇ ਉਸ ਵੇਲੇ ਦੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਅਤੇ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੂੰ ਸਨਮਾਨਿਤ ਕੀਤਾ ਸੀ। ਓਦੋਂ ਗੋਸ਼ਾ ਵੀ ਲੁਧਿਆਣਾ ਦੇ ਕੁਝ ਹੋਰ ਆਗੂਆਂ ਨਾਲ ਹਾਜ਼ਰ ਸੀ। ਵਾਇਰਲ ਹੋਈ ਤਸਵੀਰ ਵਿਚ ਗੋਸ਼ਾ ਹਰਵਿੰਦਰ ਸਿੰਘ ਸਰਨਾ ਨਾਲ ਦਿਖਾਈ ਦੇ ਰਹੇ ਹਨ। ਇਹ ਫੋਟੋ ਪੰਥਕ ਹਲਕਿਆਂ ਵਿਚ ਕਾਫ਼ੀ ਚਰਚਾ ਦਾ ਵਿਸ਼ਾ ਬਣੀ ਹੋਈ ਹੈ।

ਮਿਲੀ ਜਾਣਕਾਰੀ ਅਨੁਸਾਰ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਬੀਤੇ ਸ਼ਨਿਚਰਵਾਰ ਰਾਜੀਵ ਗਾਂਧੀ ਦੇ ਬੁੱਤ ਵਾਲੇ ਕਾਂਡ ਦੇ ਕਾਰਨ ਲੁਧਿਆਣਾ ਆਉਣਾ ਸੀ, ਪਰ ਫੋਟੋ ਵਾਇਰਲ ਹੋਣ ਪਿੱਛੋਂ ਉਨ੍ਹਾਂ ਨੇ ਆਪਣਾ ਇਹ ਪ੍ਰੋਗਰਾਮ ਰੱਦ ਕਰ ਦਿੱਤਾ। ਕਾਲਖ਼ ਮਲਣ ਵਾਲੇ ਦੋਵੇਂ ਆਗੂ ਹਾਲੇ ਤੱਕ ਜੇਲ੍ਹ ਵਿਚ ਹਨ।

# ਪੰਚਾਇਤੀ ਚੋਣਾਂ ਵਿੱਚ ਕਾਂਗਰਸੀ ਉਮੀਦਵਾਰ ਦੇ ਜੀਜੇ ਦਾ ਕਤਲ

ਜੰਡਿਆਲਾ ਗੁਰੂ, 2 ਜਨਵਰੀ (ਪੋਸਟ ਬਿਊਰੋ)- ਨੇੜਲੇ ਪਿੰਡ ਖਲਿਹਰਾ ਵਿੱਚ ਸਰਪੰਚੀ ਚੋਣ ਦੇ ਕਾਂਗਰਸੀ ਉਮੀਦਵਾਰ ਦੇ ਜੀਜੇ ਦਾ ਕੱਲ੍ਹ ਸਵੇਰੇ ਕਤਲ ਕਰ ਦਿੱਤਾ ਗਿਆ। ਮ੍ਰਿਤਕ ਦੀ ਪਛਾਣ ਤੇਜਿੰਦਰ ਸਿੰਘ ਵਜੋਂ ਹੋਈ ਹੈ।

ਸਰਪੰਚ ਦੇ ਅਹੁਦੇ ਲਈ ਕਾਂਗਰਸ ਉਮੀਦਵਾਰ ਤੇ ਸਾਬਕਾ ਸਰਪੰਚ ਜਸਮੇਰ ਸਿੰਘ ਨੇ ਦੱਸਿਆ ਕਿ ਉਹ ਸੁਵਖਤੇ ਹੀ ਮੋਟਰ ਸਾਈਕਲ 'ਤੇ ਆਪਣੇ ਨੌਕਰ ਅਤੇ ਜੀਜੇ ਤੇਜਿੰਦਰ ਸਿੰਘ ਨਾਲ ਪਿੰਡ ਖਲਿਹਰਾ ਨੂੰ ਆ ਰਿਹਾ ਸੀ। ਇਸ ਦੌਰਾਨ ਉਨ੍ਹਾਂ ਨੂੰ ਤਿੰਨ ਚਾਰ ਜਣਿਆਂ ਨੇ ਘੇਰ ਕੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰ ਦਿੱਤਾ। ਹਮਲੇ ਕਾਰਨ ਮੋਟਰ ਸਾਈਕਲ ਦਾ ਸੰਤੁਲਨ ਵਿਗੜ ਗਿਆ ਤੇ ਉਹ ਹੇਠਾਂ ਡਿੱਗ ਪਏ। ਇਸ ਦੌਰਾਨ ਉਹ ਅਤੇ ਉਸ ਦਾ ਨੌਕਰ ਉਥੋਂ ਭੱਜ ਗਏ, ਪਰ ਉਸ ਦੇ ਜੀਜੇ ਤੇਜਿੰਦਰ ਸਿੰਘ ਨੂੰ ਘੇਰ ਕੇ ਉਸ ਦਾ ਕਤਲ ਕਰ ਦਿੱਤਾ ਗਿਆ। ਜਸਮੇਰ ਸਿੰਘ ਨੇ ਦੱਸਿਆ ਕਿ ਪਿੰਡ ਖਲਹਿਰਾ ਦੇ ਕੁਝ ਅਕਾਲੀ ਦਲ ਨਾਲ ਸੰਬੰਧਤ ਲੋਕ ਉਸ ਨਾਲ ਰੰਜਿਸ਼ ਰੱਖਦੇ ਹਨ ਤੇ ਇਨ੍ਹਾਂ ਨੇ ਉਸ ਦਾ ਕਤਲ ਕਰਨਾ ਸੀ। ਐੱਸ ਐੱਸ ਪੀ ਦਿਹਾਤੀ ਪਰਮਪਾਲ ਸਿੰਘ, ਡੀ ਐੱਸ ਪੀ ਜੰਡਿਆਲਾ ਗੁਰੂ ਗੁਰਮੀਤ ਸਿੰਘ ਚੀਮਾ ਅਤੇ ਹੋਰ ਪੁਲਸ ਅਧਿਕਾਰੀ ਜਾਂਚ ਲਈ ਪਹੁੰਚੇ ਸਨ। ਡੀ ਐਸ ਪੀ ਗੁਰਮੀਤ ਸਿੰਘ ਚੀਮਾ ਨੇ ਕਿਹਾ ਕਿ ਜਸਮੇਰ ਸਿੰਘ ਦੇ ਬਿਆਨਾਂ ਉੱਤੇ ਪਿੰਡ ਦੇ ਅਕਾਲੀ ਵਰਕਰ ਹਰਜਿੰਦਰ ਸਿੰਘ, ਜਸਪਾਲ ਸਿੰਘ ਅਤੇ ਕੁਲਦੀਪ ਸਿੰਘ ਦੇ ਖਿਲਾਫ ਕੇਸ ਦਰਜ ਕਰ ਲਿਆ ਹੈ।

# ਦੋ ਮਹੀਨੇ ਪਹਿਲਾਂ ਪ੍ਰੇਮ ਵਿਆਹ ਕਰਨ ਵਾਲੀ ਲੜਕੀ ਵਲੋਂ ਖ਼ੁਦਕੁਸ਼ੀ

ਹੁਸ਼ਿਆਰਪੁਰ, 2 ਜਨਵਰੀ (ਪੋਸਟ ਬਿਊਰੋ)- ਪਿੰਡ ਕੋਠੀ ਵਿੱਚ ਦੋ ਮਹੀਨੇ ਪਹਿਲਾਂ ਪ੍ਰੇਮ ਵਿਆਹ ਕਰਨ ਵਾਲੀ ਕੁੜੀ ਨੇ ਸਹੁਰੇ ਪਰਵਾਰ ਤੋਂ ਦੁਖੀ ਹੋ ਕੇ ਫਾਹਾ ਲੈ ਕੇ ਖ਼ੁਦਕੁਸ਼ੀ ਕਰ ਲਈ ਹੈ। ਥਾਣਾ ਚੱਬੇਵਾਲ ਦੀ ਪੁਲਸ ਨੇ ਮ੍ਰਿਤਕ ਕੁੜੀ ਦੇ ਪਿਤਾ ਦੇ ਬਿਆਨਾਂ ਉੱਤੇ ਉਸ ਦੇ ਪਤੀ ਅਤੇ ਸਹੁਰੇ ਪਰਵਾਰ ਦੇ ਚਾਰ ਮੈਂਬਰਾਂ ਉੱਤੇ ਕੇਸ ਦਰਜ ਕੀਤਾ ਹੈ।

ਇਸ ਸੰਬੰਧ ਵਿੱਚ ਪਿੰਡ ਮੁਗੋਵਾਲ ਦੇ ਨਰਿੰਦਰਪਾਲ ਨੇ ਪੁਲਸ ਨੂੰ ਦੱਸਿਆ ਕਿ ਉਸ ਦੀ ਲੜਕੀ ਮਮਤਾ (22) ਨੇ ਦੋ ਮਹੀਨੇ ਪਹਿਲਾਂ ਪਿੰਡ ਕੋਠੀ ਦੇ ਇੰਦਰਜੀਤ ਸਿੰਘ ਨਾਲ ਪ੍ਰੇਮ ਵਿਆਹ ਕੀਤਾ ਸੀ। ਇਸ ਦੇ ਕੁਝ ਦਿਨ ਬਾਅਦ ਹੀ ਉਸ ਦੀ ਲੜਕੀ ਨੇ ਉਸ ਨੂੰ ਫੋਨ ਕਰ ਕੇ ਦੱਸਿਆ ਕਿ ਉਸ ਦਾ ਪਤੀ ਅਤੇ ਤਿੰਨ ਦਿਓਰ ਉਸ ਨੂੰ ਪ੍ਰੇਸ਼ਾਨ ਕਰਦੇ ਹਨ। ਮਮਤਾ ਨੇ ਦੱਸਿਆ ਕਿ ਪਤੀ ਆਪਣੇ ਭਰਾਵਾਂ ਹਰਤਿੰਦਰ ਸਿੰਘ, ਦਵਿੰਦਰ ਕੁਮਾਰ ਤੇ ਰੇਸ਼ਮ ਸਿੰਘ ਨਾਲ ਮਿਲ ਕੇ ਉਸ ਦੀ ਕੁੱਟਮ-ਾਰ ਕਰਦਾ ਹੈ ਅਤੇ ਤਿੰਨੇ ਦਿਓਰ ਉਸ ਦੇ ਪ੍ਰੇਮ ਵਿਆਹ ਤੋਂ ਖ਼ੁਸ਼ ਨਹੀਂ ਸਨ ਤੇ ਉਸ ਨੂੰ ਬਾਹਰ ਨਿਕਲ ਜਾਣ ਦਾ ਦਬਾਅ ਬਣਾ ਰਹੇ ਸਨ। ਇਸ ਦੌਰਾਨ ਉਸ ਦਾ ਪਤੀ ਵੀ ਭਰਾਵਾਂ ਨਾਲ ਮਿਲ ਕੇ ਉਸ ਨੂੰ ਜ਼ਲੀਲ ਕਰਨ ਲੱਗਾ ਸੀ। ਨਰਿੰਦਰਪਾਲ ਨੇ ਦੱਸਿਆ ਕਿ 28 ਦਸੰਬਰ ਨੂੰ ਮਮਤਾ ਦੇ ਸਹੁਰੇ ਪਿੰਡ ਕੋਠੀ ਤੋਂ ਉਨ੍ਹਾਂ ਨੂੰ ਫੋਨ ਆਇਆ ਕਿ ਉਨ੍ਹਾਂ ਦੀ ਲੜਕੀ ਬਿਮਾਰ ਹੈ ਤੇ ਉਹ



ਜਲਦੀ ਉਨ੍ਹਾਂ ਦੇ ਘਰ ਆਉਣ। ਜਦ ਉਹ ਲੋਕ ਮਮਤਾ ਦੇ ਸਹੁਰੇ ਘਰ ਗਏ ਤਾਂ ਉਨ੍ਹਾਂ ਦੀ ਲੜਕੀ ਫਾਹਾ ਲੈ ਕੇ ਖ਼ੁਦਕੁਸ਼ੀ ਕਰ ਚੁੱਕੀ ਸੀ। ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਦੀ ਲੜਕੀ ਨੂੰ ਜਾਨ ਤੋਂ ਮਾਰਨ ਵਿੱਚ ਪਤੀ ਇੰਦਰਜੀਤ ਸਿੰਘ, ਦਿਓਰ ਹਰਤਿੰਦਰ ਸਿੰਘ, ਦਵਿੰਦਰ ਕੁਮਾਰ ਅਤੇ ਰੇਸ਼ਮ ਸਿੰਘ ਦਾ ਹੱਥ ਹੈ। ਥਾਣਾ ਚੱਬੇਵਾਲ ਦੇ ਏ ਐੱਸ ਆਈ ਸੁਖਵਿੰਦਰ ਸਿੰਘ ਨੇ ਦੱਸਿਆ ਕਿ ਪੁਲਸ ਨੇ ਮ੍ਰਿਤਕ ਲੜਕੀ ਦੇ ਪਿਤਾ ਨਰਿੰਦਰਪਾਲ ਦੇ ਬਿਆਨਾਂ 'ਤੇ ਦੋਸ਼ੀ ਪਤੀ ਅਤੇ ਤਿੰਨਾਂ ਦਿਓਰਾਂ ਉੱਤੇ ਕੇਸ ਦਰਜ ਕਰ ਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਸਿੰਗਾਪੁਰ ਦੀ ਥਾਂ ਸਾਊਦੀ ਅਰਬ ਭੇਜ ਦਿੱਤੀ ਔਰਤ ਨੂੰ ਕਈ ਥਾਂ ਵੇਚਿਆ ਗਿਆ

ਤਰਨ ਤਾਰਨ, 2 ਜਨਵਰੀ (ਪੋਸਟ ਬਿਊਰੋ)- ਕਸਬਾ ਚੋਹਲਾ ਸਾਹਿਬ ਦੀ ਔਰਤ ਨੂੰ ਸਿੰਗਾਪੁਰ ਭੇਜਣ ਦੀ ਬਜਾਏ ਦੋ ਏਜੰਟਾਂ ਨੇ ਸਾਊਦੀ ਅਰਬ ਭੇਜ ਦਿੱਤਾ, ਜਿਥੋਂ ਵੱਖ-ਵੱਖ ਸ਼ਹਿਰਾਂ 'ਚ ਉਸ ਨੂੰ ਵੇਚ ਕੇ ਘਰੇਲੂ ਕੰਮ ਲਿਆ ਗਿਆ, ਪਰ ਇਸ ਦੇ ਪੈਸੇ ਨਹੀਂ ਸੀ ਦਿੱਤੇ। ਕਿਸੇ ਤਰ੍ਹਾਂ ਬਚ ਕੇ ਭਾਰਤੀ ਦੂਤਘਰ ਪੁੱਜੀ ਉਹ ਔਰਤ ਟਰੈਵਲ ਡਾਕੂਮੈਂਟਸ ਨਾਲ ਦੇਸ਼ ਮੁੜੀ ਹੈ। ਭਾਰਤੀ ਅੰਬੈਸੀ ਵੱਲੋਂ ਮਿਲੀ ਸ਼ਿਕਾਇਤ ਉੱਤੇ ਪੁਲਸ ਨੇ ਏਜੰਟਾਂ ਉੱਤੇ ਕੇਸ ਦਰਜ ਕਰ ਲਿਆ ਹੈ।

ਇਸ ਸੰਬੰਧ ਵਿੱਚ ਚੋਹਲਾ ਸਾਹਿਬ ਦੀ ਉਸ ਔਰਤ ਨੇ ਪੁਲਸ ਨੂੰ ਬਿਆਨ ਦਿੱਤੇ ਹਨ ਕਿ ਸਰਬਜੀਤ ਲਾਲ ਵਾਸੀ ਪੱਦੀ ਖਾਲਸਾ (ਜਲੰਧਰ) ਅਤੇ ਨੀਤੂ ਵਾਸੀ ਕਰੋਲ ਬਾਗ ਨਵੀਂ ਦਿੱਲੀ ਨੇ ਉਸ ਕੋਲੋਂ 32 ਹਜ਼ਾਰ ਰੁਪਏ ਲੈ ਕੇ ਸਿੰਗਾਪੁਰ ਦੀ ਥਾਂ ਸਾਊਦੀ ਅਰਬ ਭੇਜ ਦਿੱਤਾ, ਜਿਥੇ ਪਹਿਲੇ ਕੁਝ ਮਹੀਨੇ ਉਸ ਨੂੰ ਤਨਖਾਹ ਦਿੱਤੀ ਗਈ, ਪਰ ਬਾਅਦ ਵਿੱਚ ਉਸ ਨੂੰ ਵੱਖ-ਵੱਖ ਸ਼ਹਿਰਾਂ ਵਿੱਚ ਵੇਚ ਦਿੱਤਾ ਜਾਂਦਾ ਰਿਹਾ। ਉਸ ਔਰਤ ਦਾ ਪਾਸਪੋਰਟ ਵੀ ਸਾਊਦੀ ਅਰਬ ਨੇ ਰੱਖ ਲਿਆ। ਕਿਸੇ ਤਰ੍ਹਾਂ ਉਹ ਬਚ ਕੇ ਭਾਰਤੀ ਅੰਬੈਸੀ ਵਿੱਚ ਪੁੱਜੀ ਤਾਂ ਅੰਬੈਸੀ ਨੇ ਟਰੈਵਲ ਪੇਪਰ



ਜਾਰੀ ਕਰਕੇ ਭਾਰਤ ਭੇਜਿਆ ਹੈ। ਉਸ ਦੀ ਸ਼ਿਕਾਇਤ ਦੀ ਪੜਤਾਲ ਡੀ ਐਸ ਪੀ ਸਬ ਡਵੀਜ਼ਨ ਸ੍ਰੀ ਗੋਇੰਦ-ਵਾਲ ਸਾਹਿਬ ਹਰਦੇਵ ਸਿੰਘ ਵੱਲੋਂ ਕਰਨ ਪਿੱਛੋਂ ਐਸ ਐਸ ਪੀ ਦੇ ਹੁਕਮਾਂ ਉੱਤੇ ਪੁਲਸ ਨੇ ਥਾਣਾ ਚੋਹਲਾ ਸਾਹਿਬ ਵਿਖੇ ਸਰਬਜੀਤ ਲਾਲ ਤੇ ਨੀਤੂ ਦੇ ਖਿਲਾਫ ਮਨੁੱਖੀ ਤਸਕਰੀ ਦੀਆਂ ਧਾਰਾਵਾਂ ਤਹਿਤ ਕੇਸ ਦਰਜ ਕਰ ਲਿਆ ਹੈ।

# ਪਿੰਡ ਗੰਗਾ ਸਿੰਘ ਵਿੱਚ ਇੱਕ ਜਣੇ ਦਾ ਕਤਲ

ਹੁਸ਼ਿਆਰਪੁਰ, 2 ਜਨਵਰੀ (ਪੋਸਟ ਬਿਊਰੋ)- ਥਾਣਾ ਮੇਹਟੀਆਣਾ ਦੇ ਪਿੰਡ ਗੰਗਾ ਸਿੰਘ ਵਿੱਚ 52 ਸਾਲਾ ਅਮਰੀਕ ਸਿੰਘ ਉਰਫ ਪੱਪੂ ਦਾ ਬੀਤੀ ਰਾਤ ਕਤਲ ਹੋ ਗਿਆ। ਮ੍ਰਿਤਕ ਦੇ ਭਰਾ ਦੇ ਬਿਆਨ ਉੱਤੇ ਪੁਲਸ ਨੇ ਇਸੇ ਪਿੰਡ ਦੇ ਤਿੰਨ ਵਿਅਕਤੀਆਂ ਖਿਲਾਫ ਕੇਸ ਦਰਜ ਕੀਤਾ ਹੈ।

ਇਸ ਸੰਬੰਧ ਵਿੱਚ ਮ੍ਰਿਤਕ ਦੇ ਭਰਾ ਹਰਭਜਨ ਸਿੰਘ ਨੇ ਪੁਲਸ ਨੂੰ ਦੱਸਿਆ ਕਿ ਅਮਰੀਕ ਸਿੰਘ ਪਿੰਡ ਵਿੱਚ ਕਿਸੇ ਦੇ ਖੇਤਾਂ ਵਿੱਚ ਟਰੈਕਟਰ ਚਲਾਉਂਦਾ ਸੀ। ਬੀਤੀ ਰਾਤ ਜਦੋਂ ਉਹ ਘਰ ਵਾਪਸ ਨਹੀਂ ਆਇਆ ਤਾਂ ਉਹ ਉਸ ਨੂੰ ਦੇਖਣ ਗਿਆ। ਪਿੰਡ ਦੇ ਗੁਰਦੁਆਰਾ ਸਾਹਿਬ ਦੀ ਗਲੀ ਵਿੱਚ ਉਸ ਨੇ ਦੇਖਿਆ ਕਿ ਪਿੰਡ ਦੇ ਤਿੰਨ ਬੰਦੇ ਤਰਲੋਕ ਚੰਦ, ਸਾਹਿਲ ਤੇ ਤਜਿੰਦਰ ਉਸ ਦੇ ਭਰਾ ਨੂੰ ਜ਼ਖਮੀ ਹਾਲਤ ਵਿੱਚ ਲੱਤਾਂ, ਬਾਹਾਂ ਤੋਂ ਫੜ ਕੇ ਘੜੀਸਦੇ ਲਿਆ ਰਹੇ ਸਨ। ਉਸ ਨੇ ਦੱਸਿਆ ਕਿ ਉਸ ਦੇ ਦੇਖਦਿਆਂ-ਦੇਖਦਿਆਂ ਉਨ੍ਹਾਂ ਨੇ ਉਸ ਦੇ ਭਰਾ ਦੇ ਸਿਰ ਵਿੱਚ ਇੱਟਾਂ ਤੇ ਕਿਰਪਾਨਾਂ ਨਾਲ ਵਾਰ ਕੀਤੇ ਅਤੇ ਉਸ ਦਾ ਹੱਥ ਬਿਜਲੀ ਵਾਲੇ ਮੀਟਰ ਦੇ ਬਕਸੇ ਵਿੱਚ ਦੇ ਦਿੱਤਾ। ਹਰਭਜਨ ਸਿੰਘ ਅਨੁਸਾਰ ਉਸ ਦੇ ਭਰਾ ਦਾ ਤਰਲੋਕ ਚੰਦ ਨਾਲ ਕੋਈ ਝਗੜਾ ਚੱਲਦਾ ਸੀ। ਮੇਹਟੀਆਣਾ ਪੁਲਸ ਨੇ ਤਿੰਨਾਂ ਦੋਸ਼ੀਆਂ ਖਿਲਾਫ ਕੇਸ ਦਰਜ ਕਰ ਲਿਆ।








## ਸਕੂਲ ਵਿੱਚ ਸਜ਼ਾ ਵਜੋਂ ਵਿਦਿਆਰਥੀਆਂ ਨੂੰ ਨੰਗੇ ਖੜੇ ਕਰ ਦਿੱਤਾ

ਤਿਰੁਪਤੀ (ਆਂਧਰਾ ਪ੍ਰਦੇਸ਼), 2 ਜਨਵਰੀ (ਪੋਸਟ ਬਿਊਰੋ)- ਪੁੰਗਨੂਰ ਦੇ ਇਕ ਨਿੱਜੀ ਸਕੂਲ ਵਿੱਚ ਕੰਮ ਨਾ ਕਰਨ ਉਤੇ ਸਜ਼ਾ ਦੇ ਤੌਰ ਉੱਤੇ ਤਿੰਨ ਵਿਦਿਆਰਥੀਆਂ ਨੂੰ ਨੰਗਾ ਕਰਕੇ ਜਮਾਤ ਦੇ ਬਾਹਰ ਖੜਾ ਕਰ ਦਿੱਤਾ ਗਿਆ। ਇਸ ਦਾ ਵੀਡੀਓ ਵਾਇਰਲ ਹੋਣ ਤੋਂ ਬਾਅਦ ਜ਼ਿਲਾ ਪ੍ਰਸ਼ਾਸਨ ਨੇ ਜਾਂਚ ਦੇ ਆਦੇਸ਼ ਦਿੱਤੇ ਹਨ।

ਇਸ ਵੀਡੀਓ ਵਿੱਚ ਤੀਜੀ ਜਮਾਤ ਦੇ ਵਿਦਿਆਰਥੀ ਆਪਣੇ ਹੱਥ ਉਪਰ ਕਰਕੇ ਨੰਗੇ ਹੋ ਕੇ ਧੁੱਪ ਵਿੱਚ ਖੜੇ ਦਿੱਸ ਰਹੇ ਹਨ। ਘਟਨਾ ਦੀ ਜਾਂਚ ਦੇ ਆਦੇਸ਼ ਦਿੰਦਿਆਂ ਚਿੱਤੂਰ ਜ਼ਿਲੇ ਦੇ ਕੁਲੈਕਟਰ ਪੀ ਐਸ ਪ੍ਰਦਯੁਮਨ ਨੇ ਕਿਹਾ ਕਿ ਸਕੂਲ ਦੇ ਪ੍ਰਬੰਧਕਾਂ ਦੇ ਖਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ। ਜ਼ਿਲਾ ਸਿੱਖਿਆ ਵਿਭਾਗ ਦੇ ਇਕ ਅਧਿਕਾਰੀ ਨੇ ਦੱਸਿਆ ਕਿ ਇਕ ਅਧਿਆਪਕਾ ਨੇ ਘਰ ਲਈ ਦਿੱਤਾ ਕੰਮ ਨਾ ਕਰਨ 'ਤੇ ਬੱਚਿਆਂ ਨੂੰ ਇਹ ਸਜ਼ਾ ਦਿੱਤੀ ਸੀ। ਉਨ੍ਹਾਂ ਨੇ ਕਿਹਾ ਕਿ ਦੋਸ਼ ਸਾਬਤ ਹੋਣ 'ਤੇ ਸਕੂਲ ਨੂੰ ਦਿੱਤੀ ਗਈ ਮਾਨਤਾ ਰੱਦ ਕਰ ਦਿੱਤੀ ਜਾਵੇਗੀ। ਪੁਲਸ ਦੇ ਅਨੁਸਾਰ ਵਿਦਿਆਰਥੀਆਂ ਦੇ ਮਾਪਿਆਂ ਦੀ ਸ਼ਿਕਾਇਤ ਦੇ ਆਧਾਰ 'ਤੇ ਸਕੂਲ ਪ੍ਰਬੰਧਕਾਂ ਦੇ ਖਿਲਾਫ ਕੇਸ ਦਰਜ ਕਰ ਲਿਆ ਗਿਆ ਹੈ।

## ਮੋਦੀ ਨੇ ਪਾਰਟੀ ਦੀਆਂ ਜਿੱਤਾਂ ਦਾ ਸਿਹਰਾ ਲੈ ਕੇ ਰਾਜਾਂ ਵਿੱਚ ਹਾਰਾਂ ਤੋਂ ਪੱਲਾ ਝਾੜਿਆ

* ਮੰਦਰ ਦੀ ਉਸਾਰੀ ਲਈ ਸੰਵਿਧਾਨਕ ਰਸਤੇ ਦੀ ਗੱਲ ਕੀਤੀ

ਨਵੀਂ ਦਿੱਲੀ, 2 ਜਨਵਰੀ (ਪੋਸਟ ਬਿਊਰੋ)- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਨਵੇਂ ਸਾਲ 2019 ਵਿੱਚ ਆਪਣੇ ਪਹਿਲੇ ਮੀਡੀਆ ਇੰਟਰਵਿਊ ਵਿੱਚ ਰਾਮ ਮੰਦਰ, ਸਰਜੀਕਲ ਸਟ੍ਰਾਈਕ, ਰਿਜ਼ਰਵ ਬੈਂਕ, ਰਾਜਾਂ ਦੀਆਂ ਚੋਣਾਂ ਆਦਿ ਬਾਰੇ ਸਵਾਲਾਂ ਦੇ ਜਵਾਬ ਦਿੱਤੇ, ਪਰ ਇਸ ਮੌਕੇ ਉਨ੍ਹਾਂ ਨੇ ਪੰਜ ਰਾਜਾਂ ਦੀਆਂ ਵਿਧਾਨ ਸਭਾ ਚੋਣ ਵਿੱਚ ਭਾਜਪਾ ਦੀ ਹਾਰ ਤੋਂ ਪੱਲਾ ਝਾੜ ਕੇ ਜਿੱਤਾਂ ਦਾ ਸਿਹਰਾ ਆਪਣੀ ਪਾਰਟੀ ਹਾਈ ਕਮਾਨ ਦੇ ਵਾਸਤੇ ਲੈ ਲਿਆ।

ਇਸ ਸੰਬੰਧ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਦੋ ਰਾਜਾਂ ਮਿਜ਼ੋਰਮ ਅਤੇ ਤੇਲੰਗਾਨਾ ਵਿੱਚ ਭਾਜਪਾ ਸੱਤਾ ਵਿੱਚ ਆਉਣ ਵਾਲੀ ਨਹੀਂ ਸੀ, ਛੱਤੀਸਗੜ੍ਹ ਵਿੱਚ ਸਾਨੂੰ ਹਾਰ ਜ਼ਰੂਰ ਮਿਲੀ, ਪਰ ਮੱਧ ਪ੍ਰਦੇਸ ਤੇ ਰਾਜਸਥਾਨ ਵਿੱਚ ਕਿਸੇ ਪਾਰਟੀ ਨੂੰ ਬਹੁਮਤ ਹੀ ਨਹੀਂ ਮਿਲਿਆ। ਉਨ੍ਹਾਂ ਕਿਹਾ ਕਿ ਸਾਡੇ ਲੋਕ 15 ਸਾਲ ਸੱਤਾ ਵਿਰੋਧ ਦੀ ਲਹਿਰ ਨਾਲ ਚੋਣ ਮੈਦਾਨ ਵਿੱਚ ਸਨ ਤੇ ਅਸੀਂ ਕਮੀਆਂ ਦੀ ਚਰਚਾ ਕਰ ਰਹੇ



ਹਾਂ। ਉਨ੍ਹਾਂ ਕਿਹਾ ਕਿ ਪਿਛਲੇ ਦਿਨੀਂ ਹਰਿਆਣਾ ਵਿੱਚ ਸਥਾਨਕ ਚੋਣਾਂ ਵਿੱਚ ਸਾਨੂੰ ਜਿੱਤ ਮਿਲੀ, ਤ੍ਰਿਪੁਰਾ ਵਿਧਾਨ ਸਭਾ ਚੋਣਾਂ ਵਿੱਚ ਅਸੀਂ ਜਿੱਤੇ, ਜੰਮੂ ਕਸ਼ਮੀਰ ਪੰਚਾਇਤ ਚੋਣਾਂ ਵੀ ਜਿੱਤ ਗਏ, ਪਰ ਸਿਰਫ ਹਾਰ-ਜਿੱਤ ਮਾਅਨੇ ਨਹੀਂ ਰੱਖਦੀ। ਉਨ੍ਹਾਂ ਕਿਹਾ ਕਿ ਜੋ ਲੋਕ ਕਹਿੰਦੇ ਹਨ ਕਿ 'ਮੋਦੀ ਮੈਜਿਕ' ਖਤਮ ਹੋ ਰਿਹਾ ਹੈ, ਉਹ ਇਹ ਵੀ ਤਾਂ ਸਵੀਕਾਰ ਕਰਦੇ ਹਨ ਕਿ 'ਮੋਦੀ ਮੈਜਿਕ' ਨਾਂ ਦੀ ਕੋਈ ਚੀਜ਼ ਹੈ।

ਅਗਲੀਆਂ ਪਾਰਲੀਮੈਂਟ ਚੋਣਾਂ ਵਿੱਚ ਭਾਜਪਾ ਦੀਆਂ ਸੀਟਾਂ ਦਾ ਅੰਦਾਜ਼ਾ ਪੁੱਛਣ ਉੱਤੇ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਵਿਰੋਧੀ ਧਿਰ ਨੂੰ ਆਪਣੇ ਗਠਜੋੜ ਵਿੱਚ ਹੋਰ ਲੋਕ ਜੋੜਨ ਲਈ ਏਦਾਂ ਦੀਆਂ ਗੱਲਾਂ ਕਹਿਣ ਦੀ ਲੋੜ ਹੈ, ਵਰਨਾ ਉਨ੍ਹਾਂ ਨਾਲ ਕੋਈ ਨਹੀਂ ਆਵੇਗਾ। ਉਨ੍ਹਾਂ ਕਿਹਾ ਕਿ ਇਨ੍ਹਾਂ ਨੇ ਪਹਿਲਾਂ ਵੀ ਇਹ ਹੀ ਗੱਲਾਂ ਕੀਤੀਆਂ ਸਨ, ਜੋ ਕਿਸੇ ਵਿਗਿਆਨਕ ਤਰੀਕੇ ਦੇ ਬਿਨਾਂ ਵਿਚਾਰ ਬਣਾਉਂਦੇ ਰਹਿੰਦੇ ਹਨ, ਭਾਜਪਾ ਨੂੰ ਆਮ ਲੋਕਾਂ ਦੀ ਅਕਲ ਉੱਤੇ ਭਰੋਸਾ ਹੈ।

ਇੱਕ ਨਿੱਜੀ ਮੀਡੀਆ ਗਰੁੱਪ ਨੂੰ ਦਿੱਤੇ ਇਸ ਇੰਟਰਵਿਊ ਵਿੱਚ ਪ੍ਰਧਾਨ ਮੰਤਰੀ ਮੋਦੀ ਨੇ ਸਰਜੀਕਲ ਸਟਰਾਈਕ ਤੇ ਨੋਟਬੰਦੀ ਦੀ ਵੀ ਗੱਲ ਕੀਤੀ। ਉਨ੍ਹਾਂ ਕਿਹਾ ਕਿ ਜੰਮੂ-ਕਸ਼ਮੀਰ ਦੇ ਉੜੀ ਵਿੱਚ ਹੋਏ ਹਮਲੇ ਪਿੱਛੋਂ ਮੈਂ ਬੜਾ ਗੁੱਸੇ ਵਿਚ ਸੀ, ਇਸ ਨੇ ਮੈਨੂੰ ਬੇਚੈਨ ਕਰ ਦਿੱਤਾ। ਮੈਂ ਜਵਾਨਾਂ ਦੀ ਸੁਰੱਖਿਆ ਬਾਰੇ ਚਿੰਤਤ ਸੀ, ਜਿਸ ਕਾਰਨ ਸਰਜੀਕਲ ਸਟਰਾਈਕ ਕੀਤੀ ਗਈ, ਇਹ ਬੜਾ ਜ਼ੋਖਮ ਦਾ ਫੈਸਲਾ ਸੀ। ਪਾਕਿਸਤਾਨ ਵਲੋਂ ਸਰਹੱਦ ਪਾਰੋਂ ਹਮਲੇ ਕੀਤੇ ਜਾਂਦੇ ਹਨ। ਇਕ ਲੜਾਈ ਨਾਲ ਉਹ ਸੁਧਰ ਜਾਵੇਗਾ, ਇਹ ਸੋਚਣਾ ਵੱਡੀ ਗਲਤੀ ਹੋਵੇਗੀ। ਉਸ ਨੂੰ ਸੁਧਾਰਨ ਵਿੱਚ ਸਮਾਂ ਲੱਗੇਗਾ।

ਨੋਟਬੰਦੀ ਬਾਰੇ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਇਹ ਕੋਈ ਝਟਕਾ ਨਹੀਂ। ਅਸੀਂ ਲੋਕਾਂ ਨੂੰ ਇਕ ਸਾਲ ਪਹਿਲਾਂ ਸੁਚੇਤ ਕਰ ਚੁੱਕੇ ਸੀ ਕਿ ਜੇ ਤੁਹਾਡੇ ਕੋਲ ਕਾਲਾ ਧਨ ਹੈ ਤਾਂ ਤੁਸੀਂ ਇਸ ਨੂੰ ਜਮਾਂ ਕਰਵਾ ਕੇ ਸਾਡੀ ਮਦਦ ਕਰ ਸਕਦੇ ਹੋ। ਲੋਕਾਂ ਸੋਚਿਆ ਕਿ ਮੋਦੀ ਵੀ ਬਾਕੀਆਂ ਵਾਂਗ ਵਿਹਾਰ ਕਰਨਗੇ। ਵਰਨਣ ਯੋਗ ਹੈ ਕਿ 2016 ਦੀ ਦੀਵਾਲੀ ਦੇ ਅਗਲੇ ਦਿਨ ਨੋਟਬੰਦੀ ਕੀਤੀ ਗਈ ਸੀ, ਜਿਹੜੀ ਆਮ ਲੋਕਾਂ ਲਈ ਇਕ ਵੱਡੇ ਝਟਕੇ ਵਾਂਗ ਹੋਈ ਸੀ।

## ਕੇਰਲ ਦੇ ਮੰਦਰ ਵਿੱਚ ਬਰਾਬਰੀ ਲਈ 'ਮਨੁੱਖੀ ਦੀਵਾਰ' ਬਣਾ ਕੇ ਔਰਤਾਂ ਨੇ ਆਵਾਜ਼ ਚੁੱਕੀ



ਤਿਰੂਵਨੰਤਪੁਰਮ, 2 ਜਨਵਰੀ (ਪੋਸਟ ਬਿਊਰੋ)- ਕੇਰਲ ਵਿੱਚ ਨਵੇਂ ਸਾਲ ਮੌਕੇ ਅੱਜ ਮੰਗਲਵਾਰ ਨੂੰ ਕਰੀਬ ਤੀਹ ਲੱਖ ਔਰਤਾਂ ਨੇ ਮੋਢੇ ਨਾਲ ਮੋਢਾ ਜੋੜ ਕੇ ਖੜੋਂਦੇ ਹੋਏ 620 ਕਿਲੋਮੀਟਰ ਲੰਮੀ ਮਨੁੱਖੀ ਦੀਵਾਰ ਬਣਾਈ ਅਤੇ ਧਰਮ ਅਸਥਾਨਾਂ ਦੇ ਅੰਦਰ ਲਿੰਗ ਬਰਾਬਰੀ ਦੇ ਹੱਕ ਵਾਸਤੇ ਸੁਨੇਹਾ ਉੱਚਾ ਕੀਤਾ।

ਮਿਲੀ ਜਾਣਕਾਰੀ ਅਨੁਸਾਰ ਅੱਜ ਕਸਰਾਗੌੜ ਦੇ ਉੱਤਰੀ ਸਿਰੇ ਤੋਂ ਦੱਖਣੀ ਸਿਰੇ ਤੱਕ ਦੇ ਨੈਸ਼ਨਲ ਹਾਈਵੇ ਉੱਤੇ ਬਣਾਈ ਗਈ ਇਸ ਮਨੁੱਖੀ ਦੀਵਾਰ ਨੂੰ ਰਾਜ ਸਰਕਾਰ ਦੀ ਹਮਾਇਤ ਸੀ। ਇਸ ਇਕੱਠ ਨੇ ਨਿਰਪੱਖ ਕਦਰਾਂ ਕੀਮਤਾਂ ਅਤੇ ਲਿੰਗ ਬਰਾਬਰੀ ਦੇ ਹੱਕ ਵਿਚ ਸੱਦਾ ਦਿੱਤਾ ਤੇ ਸਮਾਜ ਨੂੰ ਪਿੱਛੇ ਧੱਕ ਰਹੀਆਂ ਸਦੀਆਂ ਪੁਰਾਣੀਆਂ ਰੀਤਾਂ ਦੇ ਵਿਰੋਧ ਵਿਚ ਸੁਨੇਹਾ ਦੇਣ ਦੀ ਕੋਸ਼ਿਸ਼ ਕੀਤੀ। ਅਯੱਪਾ ਮੰਦਰ ਅਤੇ ਸ਼ਬਰੀਮਾਲਾ ਮੰਦਰ ਵਿਚ ਔਰਤਾਂ ਦਾ ਦਾਖ਼ਲਾ ਯਕੀਨੀ ਕਰਨ ਬਾਰੇ ਰਾਜ ਸਰਕਾਰ ਵੀ ਸੁਪਰੀਮ ਕੋਰਟ ਦਾ ਫ਼ੈਸਲਾ ਲਾਗੂ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਇਸ ਪ੍ਰੋਗਰਾਮ ਤੋਂ ਪਹਿਲਾਂ ਹਜ਼ਾਰਾਂ ਸ਼ਰਧਾਲੂਆਂ ਨੇ ਵੀ ਸਦੀਆਂ ਪੁਰਾਣੇ ਰਿਵਾਜ਼ਾਂ ਤੇ ਸਬਰੀਮਾਲਾ ਮੰਦਰ ਦੀਆਂ ਧਾਰਮਿਕ ਰਵਾਇਤਾਂ ਕਾਇਮ ਰੱਖਣ ਦੇ ਹੱਕ ਵਿਚ 'ਅਯੱਪਾ ਜਿਓਤੀ' ਬਾਲ ਕੇ ਪ੍ਰਦਰਸ਼ਨ ਕੀਤਾ ਸੀ।

ਮਹਿਲਾ ਲੇਖਕਾਂ, ਅਥਲੀਟਾਂ, ਅਦਾਕਾਰਾਂ, ਸਿਆਸਤਦਾਨਾਂ, ਤਕਨੀਕੀ ਮਾਹਿਰਾਂ, ਸਰਕਾਰੀ ਅਧਿਕਾਰੀ ਔਰਤਾਂ ਅਤੇ ਘਰੇਲੂ ਸੁਆਣੀਆਂ ਨੇ ਅੱਜ ਇਸ ਮਨੁੱਖੀ ਦੀਵਾਰ ਦੇ ਪ੍ਰੋਗਰਾਮ ਵਿਚ ਵੱਡੀ ਗਿਣਤੀ ਵਿਚ ਹਿੱਸਾ ਲਿਆ। ਸ਼ਾਮ ਚਾਰ ਵਜੇ ਹੋਏ ਇਸ ਪ੍ਰੋਗਰਾਮ ਵਿਚ ਔਰਤਾਂ ਹਾਈਵੇਜ਼ ਉੱਤੇ 14 ਜ਼ਿਲ੍ਹਿਆਂ ਵਿਚ ਤਿਰਛੇ ਢੰਗ ਨਾਲ ਖੜੋਤੀਆਂ। ਔਰਤਾਂ ਦੇ ਹੱਕ ਦੇ ਲਈ ਕਈ ਥਾਂ ਮਰਦਾਂ ਨੇ ਵੀ ਇਸ ਮੌਕੇ ਇਸ ਦੇ ਬਰਾਬਰ ਇੱਕ ਹੋਰ ਦੀਵਾਰ ਬਣਾਈ। ਔਰਤਾਂ ਦੇ ਅੱਜ ਦੇ ਇਕੱਠ ਤੋਂ ਪਹਿਲਾਂ ਮੁੱਖ ਮੰਤਰੀ ਪਿਨੇਰੇਈ ਵਿਜਯਨ ਨੇ ਸਮਾਜ ਸੁਧਾਰਕ 'ਅਯੱਨਕਲੀ' ਨੂੰ ਸ਼ਰਧਾਂਜਲੀ ਭੇਟ ਕੀਤੀ। ਕਸਾਰਾਗੌੜ ਜ਼ਿਲ੍ਹੇ ਵਿਚ ਛੇਤੂਕੁੰਡ ਦੇ ਕੋਲ ਕੁਝ ਭਾਜਪਾ ਅਤੇ ਆਰ ਐੱਸ ਐੱਸ ਵਰਕਰਾਂ ਨੇ ਇਹ ਮਨੁੱਖੀ ਦੀਵਾਰ ਬਣਾ ਕੇ ਖੜੋਤੀਆਂ ਔਰਤਾਂ ਉੱਤੇ ਹਮਲਾ ਕਰ ਦਿੱਤਾ ਅਤੇ ਉਨ੍ਹਾਂ ਦੇ ਨਾਲ ਪੁਲੀਸ ਵੱਲ ਵੀ ਪੱਥਰ ਸੁੱਟੇ, ਜਿਸ ਨਾਲ ਤਿੰਨ ਮੁਲਾਜ਼ਮ ਜ਼ਖ਼ਮੀ ਹੋ ਗਏ। ਮੀਡੀਆ ਉੱਤੇ ਵੀ ਇਸ ਦੌਰਾਨ ਹਮਲਾ ਕੀਤਾ ਗਿਆ।

## ਦਿੱਲੀ ਗੁਰਦੁਆਰਾ ਕਮੇਟੀ ਦੇ ਅਹੁਦੇਦਾਰਾਂ ਦੀ ਚੋਣ 19 ਜਨਵਰੀ ਨੂੰ ਹੋਵੇਗੀ




ਨਵੀਂ ਦਿੱਲੀ, 2 ਜਨਵਰੀ, (ਪੋਸਟ ਬਿਊਰੋ)- ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਨਵੀਂ ਕਾਰਜਕਾਰਨੀ ਕਮੇਟੀ ਦੇ ਮੈਂਬਰਾਂ ਲਈ ਚੋਣ 19 ਜਨਵਰੀ ਨੂੰ ਹੋਵੇਗੀ। ਇਹ ਜਾਣਕਾਰੀ ਦਿੱਲੀ ਗੁਰਦੁਆਰਾ ਕਮੇਟੀ ਨੇ ਦਿੱਤੀ ਹੈ।

ਇਸ ਸੰਬੰਧ ਵਿੱਚ ਦਿੱਲੀ ਗੁਰਦੁਆਰਾ ਕਮੇਟੀ ਦੇ ਜਨਰਲ ਸਕੱਤਰ ਮਨਜਿੰਦਰ ਸਿੰਘ ਸਿਰਸਾ ਨੇ ਕਿਹਾ ਕਿ 19 ਜਨਵਰੀ ਨੂੰ ਦਿੱਲੀ ਗੁਰਦੁਆਰਾ ਕਮੇਟੀ ਦੀ ਬੈਠਕ ਵਿੱਚ ਗੁਰਦੁਆਰਾ ਚੋਣਾਂ ਦੇ ਡਾਇਰੈਕਟੋਰੇਟ ਦੇ ਇਕ ਅਧਿਕਾਰੀ ਦੀ ਹਾਜ਼ਰੀ ਵਿਚ ਮੈਂਬਰਾਂ ਦੀ ਚੋਣ ਹੋਵੇਗੀ। ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਸ ਤੋਂ ਪਹਿਲਾਂ 27 ਅਤੇ 29 ਦਸੰਬਰ 2018 ਦੇ ਵਿਚਾਲੇ ਕਿਸੇ ਦਿਨ ਚੋਣ ਕਰਾਉਣਾ ਚਾਹੁੰਦੀ ਸੀ ਤੇ ਇਸ ਲਈ ਡਾਇਰੈਕਟੋਰੇਟ ਨੂੰ ਚਿੱਠੀ ਵੀ ਲਿਖੀ ਸੀ, ਪਰ ਕੋਈ ਜਵਾਬ ਨਹੀਂ ਮਿਲਿਆ। ਫਿਰ ਚੋਣਾਂ ਲਈ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਐਲਾਨ ਕੀਤਾ ਤੇ ਡਾਇਰੈਕਟੋਰੇਟ ਨੂੰ ਸੂਚਿਤ ਕੀਤਾ ਸੀ। ਅਜੇ ਤਕ ਕਮੇਟੀ ਦੇ ਨਵੇਂ ਪ੍ਰਧਾਨ ਦਾ ਨਾਂ ਨਹੀਂ ਦਿੱਤਾ ਗਿਆ।

ਵਰਨਣ ਯੋਗ ਹੈ ਕਿ ਵਿੱਤੀ ਬੇਨਿਯਮੀਆਂ ਕਾਰਨ ਬੀਤੇ ਸਾਲ ਦੇ ਅਖੀਰ ਵਿੱਚ ਕਮੇਟੀ ਭੰਗ ਹੋ ਗਈ ਸੀ, ਜਿਸ ਤੋਂ ਬਾਅਦ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ ਕੇ ਨੇ ਸੀਨੀਅਰ ਉੱਪ ਪ੍ਰਧਾਨ ਹਰਮੀਤ ਸਿੰਘ ਕਾਲਕਾ ਨੂੰ ਸਾਰੀਆਂ ਤਾਕਤਾਂ ਦਿੰਦੇ ਹੋਏ ਕਿਹਾ ਸੀ ਕਿ ਉਹ ਇਸ ਕਮੇਟੀ ਦੇ ਕਿਸੇ ਅਹੁਦੇ ਉੱਤੇ ਉਦੋਂ ਤਕ ਨਹੀਂ ਰਹਿਣਗੇ, ਜਦੋਂ ਤਕ ਸਾਰੇ ਦੋਸ਼ ਸਾਫ ਨਹੀਂ ਹੋ ਜਾਂਦੇ। ਦਿੱਲੀ ਸਿੱਖ ਗੁਰਦੁਆਰਾ ਕਮੇਟੀ ਦੇ ਇੱਕ ਆਜ਼ਾਦ ਮੈਂਬਰ ਗੁਰਮੀਤ ਸ਼ੰਟੀ ਨੇ ਅਸਤੀਫਾ ਦੇ ਗਏ ਪ੍ਰਧਾਨ ਮਨਜੀਤ ਸਿੰਘ ਜੀ ਕੇ ਵਿਰੁੱਧ ਭ੍ਰਿਸ਼ਟਾਚਾਰ ਦੇ ਕਈ ਦੋਸ਼ ਲਾਏ ਸਨ।

## ਤੇਲੰਗਾਨਾ ਵਿੱਚ ਮਹਿਲਾ ਕਾਂਸਟੇਬਲ ਨੇ ਦੋ ਮਹੀਨੇ ਦੀ ਲਾਵਾਰਸ ਬੱਚੀ ਨੂੰ ਬ੍ਰੈਸਟ ਫੀਡਿੰਗ ਕਰਾਈ



ਕਾਂਸਟੇਬਲ ਕੇ. ਪ੍ਰਿਅੰਕਾ ਬੇਗਮਪੇਟ

ਹੈਦਰਾਬਾਦ, 2 ਜਨਵਰੀ (ਪੋਸਟ ਬਿਊਰੋ)- ਤੇਲੰਗਾਨਾ ਦੀ ਰਾਜਧਾਨੀ ਹੈਦਰਾਬਾਦ ਵਿੱਚ ਪੁਲਸ ਕਾਂਸਟੇਬਲ ਔਰਤ ਨੇ ਦੋ ਮਹੀਨੇ ਦੀ ਲਾਵਾਰਸ ਬੱਚੀ ਨੂੰ ਬ੍ਰੈਸਟ ਫੀਡਿੰਗ ਕਰਾਈ ਹੈ। ਇਹ ਬੱਚੀ ਓਸਮਾਨੀਆ ਜਨਰਲ ਹਸਪਤਾਲ ਮੂਹਰੇ ਰੋ ਰਹੀ ਸੀ ਤਾਂ ਅਚਾਨਕ ਮੁਹੰਮਦ ਇਰਫਾਨ ਨਾਂ ਦੇ ਵਿਅਕਤੀ ਦੀ ਨਜ਼ਰ ਉਸ ਉੱਤੇ ਪਈ ਅਤੇ ਉਸ ਨੂੰ ਅਫਜਲਗੰਜ ਥਾਣੇ ਲੈ ਗਿਆ। ਓਥੇ ਲੇਡੀ ਕਾਂਸਟੇਬਲ ਨੇ ਉਸ ਬੱਚੀ ਨੂੰ ਬ੍ਰੈਸਟ ਫੀਡਿੰਗ ਕਰ ਕੇ ਉਸ ਦੀ ਜਾਨ ਬਚਾਈ।

ਇਸ ਸੰਬੰਧ ਵਿੱਚ ਕਾਂਸਟੇਬਲ ਕੇ. ਪ੍ਰਿਅੰਕਾ ਬੇਗਮਪੇਟ ਨੇ ਦੱਸਿਆ ਕਿ ਮੇਰੇ ਪਤੀ ਐਮ. ਰਵਿੰਦਰ ਅਫਜਲਗੰਜ ਪੁਲਸ ਥਾਣੇ ਵਿੱਚ ਤੈਨਾਤ ਹਨ। ਐਤਵਾਰ ਨੂੰ ਉਨ੍ਹਾਂ ਨੇ ਮੈਨੂੰ ਬੁਲਾਇਆ ਅਤੇ ਕਿਹਾ ਕਿ ਉਨ੍ਹਾਂ ਨੂੰ ਇੱਕ ਲਾਵਾਰਸ ਬੱਚੀ ਮਿਲੀ ਹੈ। ਸੂਚਨਾ ਮਿਲਦੇ ਹੀ ਮੈਂ ਥਾਣੇ ਪਹੁੰਚੀ। ਉਥੇ ਮੈਂ ਦੇਖਿਆ ਕਿ ਬੱਚੀ ਭੁੱਖ ਨਾਲ ਰੋ ਰਹੀ ਸੀ। ਮੈਂ ਉਸ ਨੂੰ ਤੁਰੰਤ ਆਪਣੀ ਗੋਦ ਵਿੱਚ ਲਿਆ ਅਤੇ ਬ੍ਰੈਸਟ ਫੀਡਿੰਗ ਕਰਾਈ। ਇਸ ਦੇ ਬਾਅਦ ਬੱਚੀ ਨੇ ਰੋਣਾ ਬੰਦ ਕਰ ਦਿੱਤਾ। ਅਗਲੇ ਦਿਨ ਸਵੇਰੇ ਉਸ ਦੀ ਮਾਂ ਦਾ ਪਤਾ ਲੱਗ ਜਾਣ ਦੇ ਬਾਅਦ ਉਸ ਨੂੰ ਬੱਚੀ ਦੇ ਦਿੱਤੀ ਗਈ।

ਹੈਦਰਾਬਾਦ ਪੁਲਸ ਕਮਿਸ਼ਨਰ ਨੇ ਜੋੜੇ ਨੂੰ ਇਸ ਕੰਮ ਲਈ ਸਨਮਾਨਤ ਵੀ ਕੀਤਾ ਹੈ। ਪੁਲਸ ਨੇ ਦੱਸਿਆ ਕਿ ਬੱਚੀ ਦੀ ਮਾਂ ਦਾ ਨਾਂਅ ਸ਼ਬਾਨਾ ਬੇਗਮ ਹੈ। ਉਹ ਕੂੜਾ ਚੁਗਣ ਦਾ ਕੰਮ ਕਰਦੀ ਹੈ। ਮਹਿਲਾ ਦਾ ਕਹਿਣਾ ਹੈ ਕਿ ਜਿਸ ਵਕਤ ਉਸ ਨੇ ਬੱਚੀ ਸੜਕ 'ਤੇ ਛੱਡੀ, ਓਦੋਂ ਉਹ ਨਸ਼ੇ ਵਿੱਚ ਸੀ ਅਤੇ ਘਰ ਦਾ ਰਸਤਾ ਭੁੱਲ ਗਈ ਸੀ।

## ਚੰਦਰਬਾਬੂ ਨਾਇਡੂ ਨੇ ਪ੍ਰਧਾਨ ਮੰਤਰੀ ਮੋਦੀ ਨੂੰ ਬਲੈਕਮੇਲਰ ਕਿਹਾ

ਅਮਰਾਵਤੀ, 2 ਜਨਵਰੀ (ਪੋਸਟ ਬਿਊਰੋ)- ਇੱਕੋ ਹਫਤੇ ਵਿੱਚ ਆਂਧਰਾ ਪ੍ਰਦੇਸ਼ ਦੇ ਮੁੱਖ ਮੰਤਰੀ ਐੱਨ. ਚੰਦਰਬਾਬੂ ਨਾਇਡੂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਦੂਜੀ ਵਾਰ ਹਮਲਾ ਕਰਦੇ ਹੋਏ ਐਤਵਾਰ ਨੂੰ ਉਨ੍ਹਾਂ ਨੂੰ ਬਲੈਕਮੇਲਰ ਕਰਾਰ ਦੇ ਦਿੱਤਾ, ਜੋ ਆਪਣੀ ਗੱਲ ਮੰਨਵਾਉਣ ਲਈ ਹਰ ਕਿਸੇ ਨੂੰ ਧਮਕੀ ਦਿੰਦੇ ਹਨ। ਵਰਨਣ ਯੋਗ ਹੈ ਕਿ ਪਿਛਲੇ ਐਤਵਾਰ ਨਾਇਡੂ ਨੇ ਪ੍ਰਧਾਨ ਮੰਤਰੀ ਨੂੰ ਏਦਾਂ ਦਾ ਖੋਖਲਾ ਆਗੂ ਕਿਹਾ ਸੀ, ਜਿਸ ਨੇ ਦੇਸ਼ ਲਈ ਕੁਝ ਨਹੀਂ ਕੀਤਾ। ਅੱਜ ਉਨ੍ਹਾਂ ਪ੍ਰੈੱਸ ਕਾਨਫਰੰਸ ਵਿੱਚ ਤੇਲੰਗਾਨਾ ਦੇ ਮੁੱਖ ਮੰਤਰੀ ਕੇ. ਚੰਦਰਸ਼ੇਖਰ ਰਾਓ ਉੱਤੇ ਆਂਧਰਾ ਪ੍ਰਦੇਸ਼ ਦੀ ਤਰੱਕੀ 'ਚ ਅੜਿੱਕਾ ਪਾਉਣ ਦੀ ਸਾਜਿਸ਼ ਰਚਣ ਦਾ ਦੋਸ਼ ਵੀ ਲਾਇਆ। ਨਾਇਡੂ ਨੇ ਦੋਸ਼ ਲਾਇਆ ਕਿ 'ਮੋਦੀ ਬਲੈਕਮੇਲਰ ਹਨ। ਉਹ ਕੇਸ ਬਣਾਉਂਦੇ ਹਨ ਤੇ ਫਿਰ ਬੰਦੇ ਨੂੰ ਬਚਾਉਂਦੇ ਹਨ। ਇਸ ਪਿੱਛੋਂ ਉਹ ਉਸ ਆਦਮੀ ਨੂੰ ਬਲੈਕਮੇਲ ਕਰਦੇ ਹਨ।'

UPPAL LAW
FREE CONSULTATION !

Avtar Uppal
Manager

Aman Uppal
BARRISTER, SOLICITOR
IMMIGRATION SERVICES :
- Visitor Visa ($200)
- Supervisa ($200)
- Study, Work, Visitor Extension ($125)
- Spousal Applications ($600)
- Family Sponsorship
- Permanent Residence Card Renewal ($65)
- Citizenship Applications ($70)
- All Invitation letters ($35)

OTHER PRACTICES:
- Criminal Law
- Power of Attorney ($60)
- Change of Name ($115)
- Notarization ($15)
- Travel Consent ($20)
- Affidavit ($35)
- Landlord and Tenant Matters ($250)

Prices are subject to Taxes, do not include Government fees and service by appointment only.
Offer valid until 9/30/201
Ph: 905-676-8200 Fax: 905-672-7848
351 Parkhurst Square, Brampton, ON L6T 5H5
2857 Derry Rd E, Mississauga, ON L4T 1A6

FIRST CHOICE FINANCIAL LIMITED
TRUCK LOANS
ਟੱਰਕ ਲੋਨ ਅਪਰੂਵਲ ਸਿੱਰਫ 2 ਘੰਟਿਆਂ ਦੇ ਅੰਦਰ-ਅੰਦਰ
ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟੱਰਕ ਤੇ ਟ੍ਰੇਲਰ ਦੀ Financing
- Low Down payment/Flexible Terms
- Large Inventory of New Trucks & Trailers
- Quick Approvals
- Honest Service
- Best Rate in Town
- Offices all over Canada

For more Information Contact
Rajdeep: 647.707.4167
Office: 905.678.2424

◆ Insurance ◆
Punjab Insurance Inc
- Super Visa Insurance
- Life Insurance
- Disability Insurance
- Critical illness Insurance
- Mortgage Insurance
- RRSP (Retirement Plan)
- RESP (Education Plan)
- Visitor Insurance
- Health and Dental Plans..
- Travel Insurance
- Segregated Funds, TFSA

Harpinder Kaur
Insurance Advisor
416.452.7373
harpinderkaur@punjabinsurance.ca
www.punjabinsurance.ca

ਸ੍ਰੀ ਮਾਛੀਵਾੜਾ ਸਾਹਿਬ ਇਲਾਕਾ ਨਿਵਾਸੀਆਂ ਵਲੋਂ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ

ਦਸਵੀਂ ਪਾਤਿਸਾਹੀ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸ੍ਰੀ ਮਾਛੀਵਾੜਾ ਸਾਹਿਬ ਦੀ ਧਰਤੀ'ਤੇ ਪਹੁੰਚਣ ਤੇ ਉਹਨਾਂ ਦੀ ਆਮਦ ਨੂੰ ਮੁੱਖ ਰੱਖਦਿਆਂ ਅਤੇ ਚਾਰੇ ਸਾਹਿਬਜ਼ਾਦੇ ਤੇ ਮਾਤਾ ਗੁਜਰ ਕੌਰ ਜੀ ਅਤੇ ਸਭਾ ਵਿੱਚ ਸ਼ਹੀਦ ਹੋਏ ਸਾਰੇ ਸਿੰਘਾਂ ਤੇ ਸਿੰਘਣੀਆਂ ਨੂੰ ਸਮਰਪਿਤ ਪਿਛਲੇ ਸਾਲਾਂ ਦੀ ਤਰ੍ਹਾਂ ਸ੍ਰੀ ਮਾਛੀਵਾੜਾ ਸਾਹਿਬ ਇਲਾਕਾ ਨਿਵਾਸੀਆਂ ਵਲੋਂ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਸੇਵਾ ਕੀਤੀ ਜਾ ਰਹੀ ਹੈ। ਇਸ ਸਬੰਧ ਵਿਚ ਮਾਲਟਨ ਗੁਰੂ ਘਰ ਵਿਖੇ ਮਿਤੀ 23 ਦਸੰਬਰ ਦਿਨ ਐਤਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ ਜਿਹਨਾਂ ਦੇ ਭੋਗ 25 ਦਸੰਬਰ ਦਿਨ ਮੰਗਲਵਾਰ ਨੂੰ ਮੇਨ ਹਾਲ ਵਿੱਚ ਪਾਏ ਜਾਣਗੇ। ਕਿਰਪਾ ਕਰਕੇ ਸਭ ਸੰਗਤਾਂ ਨੂੰ ਬੇਨਤੀ ਹੈ ਕਿ ਤਿੰਨ ਦਿਨ ਗੁਰੂ ਘਰ ਦੀਆਂ ਹਾਜਰੀਆਂ ਭਰ ਕੇ ਆਪਣਾ ਜੀਵਨ ਸਫਲਾ ਕਰੋ ਜੀ।

ਹੋਰ ਜਾਣਕਾਰੀ ਲਈ ਗੁਰਪ੍ਰੀਤ ਸਿੰਘ ਗੜ੍ਹੀ- 647-207-1887, ਸਤਪਾਲ ਸਿੰਘ ਗਰੇਵਾਲ ਨੂੰ 519-405-0075, ਜਸਵੰਤ ਸਿੰਘ ਰਜ਼ੂਲ 647-856-9612, ਉਜਾਗਰ ਸਿੰਘ ਗਿੱਲ 647-203-4090, ਕਾਕਾ ਸਿੰਘ ਤੱਖਰਾ 905-458-6446,ਅਜੀਤ ਸਿੰਘ ਉਰਨਾ 647-308-0360, ਇੰਦਰਜੀਤ ਸਿੰਘ ਗਿੱਲ 416-918-9459 ਨੂੰ ਸੰਪਰਕ ਕਰੋ ਜੀ।


BANKRUPTCY, PROPOSAL, R9........
no problem!
we will fix your credit
TNG SUNRISE SERVICES INC.
Tarun Genda(Kumar)
Tel:905-781-5292
Cell: 416-305-1290
TNG
PROVIDE:
Mortgage, Refinancing, 1st, 2nd, 3rd, Mortgage.
Residential Variable & Fixed Rates,
Personal loans & Line of Credit
Private Funding on Car, Gold & Property
CREDIT REPAIR:
Fix your Credit, Bankruptcy, Proposal, Collections, R-9 and Late payments.
CREDIT CONSULTING:
We do Settlement, Filling Bankruptcy & Proposals
ACCOUNTING:
Tax File get Maximum refund for personal & Bussiness
email: tngservices1@hotmail.com
Golden gate plaza
100 Pertosa Drive, Suite 211
Brampton, ON. L6X 0H9

# ਫੇਸਬੁਕ ਖ਼ੁਦਕੁਸ਼ੀ ਦੇ ਵਿਚਾਰ ਵਾਲੀਆਂ ਪੋਸਟਾਂ ਪੁਲਸ ਨੂੰ ਦੱਸ ਕੇ ਖ਼ੁਦਕੁਸ਼ੀਆਂ ਰੋਕ ਰਿਹੈ



ਅਮਰੀਕਾ, 2 ਜਨਵਰੀ (ਪੋਸਟ ਬਿਊਰੋ)- ਅਮਰੀਕਾ ਦੇ ਓਹਾਈਓ ਸੂਬੇ 'ਚ ਰਾਤ ਦੀ ਡਿਊਟੀ ਕਰ ਰਹੇ ਪੁਲਸ ਮੁਲਾਜ਼ਮ ਕੋਲ ਫੇਸਬੁਕ ਵੱਲੋਂ ਇੱਕ ਫੋਨ ਆਇਆ ਅਤੇ ਦੱਸਿਆ ਗਿਆ ਕਿ ਇੱਕ ਔਰਤ ਨੇ ਫੇਸਬੁਕ 'ਤੇ ਪੋਸਟ ਕੀਤਾ ਹੈ ਕਿ ਉਹ ਪ੍ਰੇਸ਼ਾਨ ਹੈ ਤੇ ਉਸ ਦੇ ਮਨ 'ਚ ਖ਼ੁਦਕੁਸ਼ੀ ਦਾ ਖਿਆਲ ਆ ਰਿਹਾ ਹੈ। ਪੁਲਸ ਵਾਲੇ ਨੇ ਮੋਰਚਾ ਸੰਭਾਲਿਆ ਅਤੇ ਇੱਕ ਪੁਲਸ ਟੀਮ ਤੁਰੰਤ ਉਸ ਔਰਤ ਤੱਕ ਜਾ ਪਹੁੰਚੀ। ਉਸ ਔਰਤ ਨੇ ਕਿਹਾ ਕਿ ਉਸ ਦੇ ਮਨ ਵਿੱਚੋਂ ਅਜਿਹਾ ਕੋਈ ਵਿਚਾਰ ਨਿਕਲ ਗਿਆ ਹੈ, ਫਿਰ ਵੀ ਪੁਲਸ ਵਾਲੇ ਉਸ ਨੂੰ ਡਾਕਟਰ ਕੋਲ ਲੈ ਗਏ ਤੇ ਯਕੀਨੀ ਕੀਤਾ ਕਿ ਕੁਝ ਮਾੜਾ ਨਾ ਹੋਵੇ।

ਇਹ ਇਸ ਤਰ੍ਹਾਂ ਦਾ ਪਹਿਲਾ ਕੇਸ ਨਹੀਂ। ਮੈਸਾਚੁਸੈਟਸ ਤੋਂ ਲੈ ਕੇ ਮੁੰਬਈ ਤੱਕ ਅਜਿਹੇ ਕਈ ਕੇਸ ਪਤਾ ਲੱਗ ਚੁੱਕੇ ਹਨ। ਫੇਸਬੁਕ ਵੱਲੋਂ ਦੁਨੀਆ 'ਚ ਕਈ ਥਾਵਾਂ 'ਤੇ ਪੁਲਸ ਨੂੰ ਇਸ ਤਰ੍ਹਾਂ ਦੇ ਫੋਨ ਕਰ ਕੇ ਅਜਿਹੇ ਲੋਕਾਂ ਬਾਰੇ ਸਾਵਧਾਨ ਕੀਤਾ ਜਾ ਰਿਹਾ ਹੈ, ਜੋ ਇਸ ਸੋਸ਼ਲ ਮੀਡੀਆ ਪਲੇਟਫਾਰਮ 'ਤੇ ਖ਼ੁਦਕੁਸ਼ੀ ਜਿਹਾ ਵਿਚਾਰ ਰੱਖਦੇ ਹਨ।

ਸਾਲ 2017 ਦੇ ਸ਼ੁਰੂਆਤੀ ਦਿਨਾਂ ਵਿੱਚ ਅਜਿਹੇ ਕਈ ਕੇਸ ਸਾਹਮਣੇ ਆਏ ਸਨ, ਜਦੋਂ ਕੁਝ ਲੋਕਾਂ ਨੇ ਫੇਸਬੁਕ 'ਤੇ ਲਾਈਵ ਸਟ੍ਰੀਮਿੰਗ ਕਰਦਿਆਂ ਖ਼ੁਦਕੁਸ਼ੀ ਕਰ ਲਈ ਸੀ। ਇਹੋ ਜਿਹੀਆਂ ਕਈ ਘਟਨਾਵਾਂ ਤੋਂ ਸਬਕ ਲੈਂਦਿਆਂ ਫੇਸਬੁਕ ਨੇ ਚਿਤਾਵਨੀ ਦਾ ਸਿਸਟਮ ਚਾਲੂ ਕੀਤਾ, ਜਿਸ ਹੇਠ ਐਲਗੋਰਿਦਮ ਰਾਹੀਂ ਫੇਸਬੁਕ ਇਹੋ ਜਿਹੀ ਪੋਸਟ ਜਾਂ ਕੁਮੈਂਟ ਦੀ ਪਛਾਣ ਕਰਦਾ ਹੈ, ਜਿਸ ਵਿੱਚ ਕਿਸੇ ਨੇ ਖ਼ੁਦਕੁਸ਼ੀ ਗੱਲ ਕੀਤੀ ਹੈ। ਏਦਾਂ ਦੇ ਪੋਸਟ ਮਿਲਦੇ ਸਾਰ ਇਸ ਦੀ ਜਾਣਕਾਰੀ ਫੇਸਬੁੱਕ ਦੀ ਟੀਮ ਨੂੰ ਪਹੁੰਚਦੀ ਹੈ ਅਤੇ ਖਾਸ ਸਿਖਲਾਈ ਪ੍ਰਾਪਤ ਤੇ ਕਾਨੂੰਨੀ ਵਿਵਸਥਾਵਾਂ ਦੇ ਜਾਣਕਾਰ ਲੋਕ ਪੋਸਟ ਦੀ ਸਮੀਖਿਆ ਕਰਦੇ ਹਨ। ਜੇ ਉਨ੍ਹਾਂ ਨੂੰ ਜ਼ਰੂਰੀ ਲੱਗਦਾ ਹੈ ਤਾਂ ਪੁਲਸ ਨਾਲ ਸੰਪਰਕ ਕਰਦੇ ਹਨ। ਕੁਝ ਸਿਹਤ ਮਾਹਰਾਂ ਨੇ ਫੇਸਬੁਕ ਦੀ ਇਸ ਪਹਿਲ 'ਤੇ ਸਵਾਲ ਕੀਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਏਦ੍ਹਾਂ ਦੀ ਹਰ ਸੂਚਨਾ ਪੁਲਸ ਕੋਲ ਜਾਣ ਨਾਲ ਸੰਭਵ ਹੈ ਕਿ ਕਿਸੇ ਅਜਿਹੇ ਵਿਅਕਤੀ ਨੂੰ ਬੇਵਜ੍ਹਾ ਡਾਕਟਰ ਕੋਲ ਜਾਣਾ ਪਵੇ, ਜਿਸ ਵਿੱਚ ਖ਼ੁਦਕੁਸ਼ੀ ਦਾ ਕੋਈ ਵਿਚਾਰ ਨਹੀਂ।

ਫੇਸਬੁਕ ਦਾ ਤਰੀਕਾ ਕਿੰਨਾ ਸਟੀਕ ਤੇ ਸੁਰੱਖਿਅਤ ਹੈ, ਇਸ 'ਤੇ ਵੀ ਸਵਾਲ ਉਠਦੇ ਹਨ। ਪਿੱਛੇ ਜਿਹੇ ਜਿਸ ਤਰ੍ਹਾਂ ਫੇਸਬੁਕ ਤੋਂ ਲੋਕਾਂ ਦੇ ਡਾਟਾ ਚੋਰੀ ਹਿੱਟ ਹੋਣ ਦੇ ਕੇਸ ਨਿਕਲੇ ਹਨ, ਉਸ ਨਾਲ ਲੋਕਾਂ ਦਾ ਭਰੋਸਾ ਟੁੱਟਾ ਹੈ। ਵਿਸ਼ਵ ਸਿਹਤ ਸੰਗਠਨ ਦੇ ਮੁਤਾਬਕ ਖ਼ੁਦਕੁਸ਼ੀ 15 ਤੋਂ 29 ਸਾਲ ਦੀ ਉਮਰ ਦੇ ਲੋਕਾਂ ਵਿੱਚ ਮੌਤ ਦੀ ਦੂਜੀ ਸਭ ਤੋਂ ਵੱਡੀ ਵਜ੍ਹਾ ਹੈ। ਇਸ ਲਈ ਫੇਸਬੁਕ ਦੀ ਇਹ ਪਹਿਲ ਮਦਦਗਾਰ ਸਾਬਿਤ ਹੋ ਰਹੀ ਹੈ। ਫੇਸਬੁਕ ਦੇ ਸੀ ਈ ਓ ਮਾਰਕ ਜ਼ੁਕਰਬਰਗ ਨੇ ਨਵੰਬਰ ਵਿੱਚ ਇੱਕ ਪੋਸਟ ਵਿੱਚ ਦੱਸਿਆ ਸੀ ਕਿ ਫੇਸਬੁਕ ਦੀ ਇਸ ਪਹਿਲ ਨਾਲ ਦੁਨੀਆ ਦੇ ਕਰੀਬ 3500 ਲੋਕਾਂ ਤੱਕ ਮਦਦ ਪਹੁੰਚਾਈ ਗਈ ਹੈ। ਕੁਝ ਪੁਲਸ ਅਧਿਕਾਰੀ ਵੀ ਇਸ ਨੂੰ ਚੰਗਾ ਕਦਮ ਮੰਨ ਰਹੇ ਹਨ।

# ਅਮਰੀਕਾ ਤੇ ਇਜ਼ਰਾਈਲ ਪੱਖਪਾਤ ਦੇ ਦੋਸ਼ ਹੇਠ ਸੰਸਾਰਕ ਸੰਗਠਨ ਯੂਨੈਸਕੋ ਵਿੱਚੋਂ ਨਿਕਲ ਗਏ

## * ਫਲਸਤੀਨ ਨੂੰ ਯੂਨੈਸਕੋ ਨਾਲ ਜੋੜਨ ਦਾ ਦੋਵਾਂ ਵੱਲੋਂ ਸਾਂਝਾ ਵਿਰੋਧ

ਪੈਰਿਸ, 2 ਜਨਵਰੀ (ਪੋਸਟ ਬਿਊਰੋ)- ਅਮਰੀਕਾ ਤੇ ਇਜ਼ਰਾਈਲ ਦੋਵੇਂ ਨਵੇਂ ਸਾਲ ਮੌਕੇ ਯੂ ਐੱਨ ਓ ਦੀ ਵਿੱਦਿਅਕ, ਵਿ-ਗਿਆਨਕ ਤੇ ਸੱਭਿਆਚਾਰਕ ਜਥੇਬੰਦੀ (ਯੂਨੈਸਕੋ) ਤੋਂ ਅਧਿਕਾਰਤ ਤੌਰ ਉੱਤੇ ਵੱਖ ਹੋ ਗਏ ਹਨ। ਵਰਨਣ ਯੋਗ ਹੈ ਕਿ ਦੂਸਰੀ ਸੰਸਾਰ ਜੰਗ ਪਿੱਛੋਂ ਕੌਮਾਂਤਰੀ ਅਮਨ ਲਈ ਅਮਰੀਕਾ ਦੇ ਸਹਿਯੋਗ ਨਾਲ ਬਣਾਈ ਗਈ ਯੂ ਐੱਨ ਓ ਦੀ ਸੰਸਥਾ ਤੋਂ ਦੋਵਾਂ ਦੇਸ਼ਾਂ ਦਾ ਵੱਖ ਹੋਣਾ ਬਾਕੀ ਦੇਸ਼ਾਂ ਲਈ ਵੱਡਾ ਝਟਕਾ ਹੈ।




ਇਸ ਸੰਬੰਧ ਵਿੱਚ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਯੂਨੈਸਕੋ ਉੱਤੇ ਇਜ਼ਰਾਈਲ ਨਾਲ ਪੱਖਪਾਤ ਦਾ ਦੋਸ਼ ਲਾਉਂਦੇ ਹੋਏ ਅਕਤੂਬਰ 2017 ਵਿੱਚ ਇਸ ਤੋਂ ਬਾਹਰ ਹੋਣ ਦਾ ਨੋਟਿਸ ਦੇ ਦਿੱਤਾ ਸੀ। ਉਨ੍ਹਾਂ ਨੇ ਸੰਸਥਾ ਉੱਤੇ ਵਧਦੇ ਆਰਥਿਕ ਬੋਝ ਉੱਤੇ ਵੀ ਚਿੰਤਾ ਪ੍ਰਗਟ ਕੀਤੀ ਤੇ ਯੂਨੈਸਕੋ ਵਿੱਚ ਮੁੱਢਲੇ ਬਦਲਾਅ ਦੀ ਸੋਚ ਰੱਖੀ ਸੀ। ਅਮਰੀਕਾ ਦੇ ਨਾਲ ਖੜੇ ਹੁੰਦਿਆਂ ਇਜ਼ਰਾਈਲ ਨੇ ਵੀ ਇਸ ਵਿੱਚੋਂ ਬਾਹਰ ਹੋਣ ਦਾ ਐਲਾਨ ਕੀਤਾ ਸੀ। ਯੂਨੈਸਕੋ ਨੇ 2011 ਵਿੱਚ ਫਲਸਤੀਨ ਨੂੰ ਆਪਣੀ ਸਥਾਈ ਮੈਂਬਰੀ ਦੇ ਦਿੱਤੀ ਤੇ ਯਹੂਦੀਆਂ ਦੀ ਵਿਰਾਸਤ ਉੱਤੇ ਫਲਸਤੀਨ ਦਾ ਹੱਕ ਮੰਨਿਆ ਸੀ। ਅਮਰੀਕਾ ਤੇ ਇਜ਼ਰਾਈਲ ਇਸ ਕਾਰਨ ਯੂਨੈਸਕੋ ਤੋਂ ਨਾਰਾਜ਼ ਸਨ। ਦੋਵਾਂ ਦੇ ਨਿਕਲਣ ਨਾਲ ਇਸ ਸੰਸਥਾ ਉੱਤੇ ਕੋਈ ਵੱਡਾ ਆਰਥਿਕ ਅਸਰ ਨਹੀਂ ਪਵੇਗਾ, ਕਿਉਂਕਿ 2011 ਤੋਂ ਦੋਵਾਂ ਨੇ ਇਸ ਦੀ ਫੰਡਿੰਗ ਰੋਕੀ ਹੋਈ ਸੀ। ਅਮਰੀਕਾ 1984 ਵਿੱਚ ਵੀ ਇੱਕ ਵਾਰ ਯੂਨੈਸਕੋ ਤੋਂ ਹਟ ਗਿਆ ਸੀ ਤੇ 2003 ਵਿੱਚ ਦੁਬਾਰਾ ਇਸ ਦੀ ਮੈਂਬਰੀ ਲਈ ਸੀ।

# ਪਾਕਿਸਤਾਨ ਵਿੱਚ ਮੈਟ੍ਰਿਕ ਫੇਲ ਪਾਇਲਟ ਉਡਾ ਰਹੇ ਨੇ ਜਹਾਜ਼

ਲਾਹੌਰ, 2 ਜਨਵਰੀ (ਪੋਸਟ ਬਿਊਰੋ)- ਪਾਕਿਸਤਾਨ ਵਿੱਚ ਸਰਕਾਰ ਦੇ ਕੰਟਰੋਲ ਹੇਠਲੀ ਪਾਕਿ-ਸਤਾਨ ਇੰਟਰਨੈਸ਼ਨਲ ਏਅਰਲਾਈਨਸ (ਪੀ ਆਈ ਏ) ਵਿੱਚ ਫਰਜ਼ੀ ਸਰਟੀਫਿਕੇਟ ਨਾਲ ਸੱਤ ਜਣਿਆਂ ਦੇ ਪਾਇਲਟ ਬਣਨ ਦਾ ਭੇਦ ਖੁੱਲ੍ਹਾ ਹੈ। ਇਹ ਮਾਮਲਾ ਪਾਕਿਸਤਾਨ ਸੁਪਰੀਮ ਕੋਰਟ ਵਿੱਚ ਓਦੋਂ ਸਾਹਮਣੇ ਆਇਆ ਜਦੋਂ ਉਥੇ ਸਰਕਾਰੀ ਹਵਾਈ ਸੇਵਾ ਵਿਚਲੇ ਪਾਇਲਟਾਂ ਅਤੇ ਦੂਸਰੇ ਸਟਾਫ ਦੀ ਡਿਗਰੀ ਦੀ ਜਾਂਚ ਨਾਲ ਜੁੜੇ ਇੱਕ ਕੇਸ ਦੀ ਸੁਣਵਾਈ ਚਲ ਰਹੀ ਸੀ। ਇਸ ਸੁਣਵਾਈ ਦੌਰਾਨ ਸਿਵਲ ਏਵੀਏਸ਼ਨ ਅਥਾਰਟੀ (ਸੀ ਏ ਏ) ਨੇ ਫਰਜ਼ੀ ਡਿਗਰੀ ਦੇ ਜ਼ਰੀਏ ਸੱਤ ਵਿਅਕਤੀਆਂ ਦੇ ਪਾਇਲਟ ਬਣਨ ਦੀ ਜਾਣਕਾਰੀ ਦਿੱਤੀ। ਇਨ੍ਹਾਂ ਵਿੱਚੋਂ ਪੰਜ ਤਾਂ ਮੈਟ੍ਰਿਕ ਵੀ ਪਾਸ ਨਹੀਂ ਸਨ।

ਸੁਪਰੀਮ ਕੋਰਟ ਦੀ ਤਿੰਨ ਜੱਜਾਂ ਦੀ ਬੈਂਚ ਦੇ ਇੱਕ ਮੈਂਬਰ ਨੇ ਇਸ 'ਤੇ ਫਿਟਕਾਰ ਲਾਉਂਦੇ ਹੋਏ ਟਿੱਪਣੀ ਕੀਤੀ ਕਿ ਮੈਟ੍ਰਿਕ ਤੱਕ ਪੜ੍ਹਿਆ ਵਿਅਕਤੀ ਠੀਕ ਤਰ੍ਹਾਂ ਬਸ ਨਹੀਂ ਚਲਾ ਸਕਦਾ, ਪਰ ਇਨ੍ਹਾਂ ਲੋਕਾਂ ਨੇ ਜਹਾਜ਼ ਉਡਾ ਕੇ ਹਜ਼ਾਰਾਂ ਲੋਕਾਂ ਦਾ ਜੀਵਨ ਖਤਰੇ ਵਿੱਚ ਪਾਇਆ। ਸੀ ਏ ਏ ਨੇ ਕੋਰਟ ਨੂੰ ਦੱਸਿਆ ਕਿ ਡਿਗਰੀ ਦੀ ਜਾਂਚ ਵਿੱਚ ਵਿਦਿਅਕ ਬੋਰਡ ਅਤੇ ਯੂਨੀਵਰਸਿਟੀ ਵੱਲੋਂ ਸਹਿਯੋਗ ਨਹੀਂ ਮਿਲਦਾ, ਜਿਸ ਕਾਰਨ ਦਿੱਕਤਾਂ ਆਉਂਦੀਆਂ ਹਨ। ਪੀ ਆਈ ਏ ਵੱਲੋਂ ਵੀ ਪਾਇਲਟ, ਕੈਬਿਨ ਕਰੂਅ ਅਤੇ ਦੂਸਰੇ ਮੁਲਾਜ਼ਮਾਂ ਦਾ ਰਿਕਾਰਡ ਸਮੇਂ 'ਤੇ ਹਾਸਲ ਨਹੀਂ ਕਰਾਇਆ ਜਾਂਦਾ। ਇਸ ਲਈ ਇਸ ਤਰ੍ਹਾਂ ਦੇ ਨਤੀਜੇ ਸਾਹਮਣੇ ਆਉਂਦੇ ਹਨ। ਦੂਸਰੇ ਪਾਸੇ ਪੀ ਆਈ ਏ ਦੇ ਅਧਿਕਾਰੀ ਨੇ ਕੋਰਟ ਨੂੰ ਦੱਸਿਆ ਕਿ ਪੜ੍ਹਾਈ ਨਾਲ ਜੁੜੇ ਦਸਤਾਵੇਜ਼ ਪੇਸ਼ ਨਾ ਕਰਨ ਉੱਤੇ 50 ਤੋਂ ਵੱਧ ਮੁਲਾਜ਼ਮਾਂ ਨੂੰ ਸਸਪੈਂਡ ਕੀਤਾ ਗਿਆ ਹੈ।

# ਸਰਬਜੀਤ ਕੌਰ ਦੇ ਕਾਤਲ ਉਤੇ ਪਹਿਲੀ ਪਤਨੀ ਦੇ ਕਤਲ ਦਾ ਕੇਸ ਵੀ ਦਰਜ



ਲੰਡਨ, 2 ਜਨਵਰੀ (ਪੋਸਟ ਬਿਊਰੋ)- 16 ਫਰਵਰੀ 2018 ਨੂੰ ਕਤਲ ਹੋਈ 38 ਸਾਲਾ ਸਰਬਜੀਤ ਕੌਰ ਦੇ ਕਤਲ ਕੇਸ ਦਾ ਸਾਹਮਣਾ ਕਰ ਰਹੇ ਉਸ ਦੇ ਪਤੀ ਗੁਰਪ੍ਰੀਤ ਸਿੰਘ ਉਤੇ ਉਸ ਦੀ ਪਹਿਲੀ ਪਤਨੀ ਅਮਨਦੀਪ ਕੌਰ ਦੇ ਕਤਲ ਦਾ ਮੁਕ-ਦਮਾ ਵੀ ਦਰਜ ਕਰ ਦਿੱਤਾ ਗਿਆ ਹੈ। ਅਮਨਦੀਪ ਕੌਰ ਦੀ ਮੌਤ 11 ਜੁਲਾਈ ਤੋਂ ਦੋ ਦਸੰਬਰ 2013 ਵਿਚਾਲੇ ਓਦੋਂ ਹੋਈ ਸੀ ਜਦੋਂ ਉਹ ਪੰਜਾਬ ਛੁੱਟੀਆਂ ਕੱਟਣ ਗਈ ਸੀ। ਉਸ ਦੀ ਮੌਤ ਨੂੰ ਕੁਦਰਤੀ ਮੌਤ ਮੰਨੀ ਗਈ ਸੀ।

ਸਰਬਜੀਤ ਕੌਰ ਦੇ ਕਤਲ ਲਈ ਦੋਸ਼ੀ ਮੰਨਦਿਆਂ ਗੁਰਪ੍ਰੀਤ ਸਿੰਘ ਉੱਤੇ ਮਈ 2018 'ਚ ਮਾਮਲਾ ਦਰਜ ਕਰਕੇ ਅਦਾਲਤ ਵਿੱਚ ਪੇਸ਼ ਕੀਤਾ ਗਿਆ ਸੀ। ਇਸ ਦੀ ਜਾਂਚ ਦੌਰਾਨ ਤਿੰਨ ਮਹੀਨੇ ਪੁਲਸ ਦੇ ਹੱਥ ਕੁਝ ਨਾ ਲੱਗਾ ਤੇ ਸਰਬਜੀਤ ਦੀ ਮੌਤ ਦੇ ਵੱਖ-ਵੱਖ ਕਾਰਨ ਮੰਨੇ ਜਾ ਰਹੇ ਸਨ। ਬਹੁਤਾ ਸ਼ੱਕ ਲੁੱਟ-ਖੋਹ ਦੀ ਘਟਨਾ ਦਾ ਸੀ। ਸਰਬਜੀਤ ਆਪਣੇ ਘਰ ਵਿੱਚ ਸਿਲਾਈ ਦਾ ਕੰਮ ਕਰਦੀ ਸੀ, ਉਸ ਦੇ ਘਰ 'ਚੋਂ ਕਈ ਚੀਜ਼ਾਂ ਗੁੰਮ ਸਨ ਅਤੇ ਜਦੋਂ ਗੁਰਪ੍ਰੀਤ ਸਿੰਘ ਆਪਣੇ ਬੱਚਿਆਂ ਨੂੰ ਸਕੂਲ ਤੋਂ ਲੈ ਕੇ ਆਇਆ ਤਾਂ ਸਰਬਜੀਤ ਕੌਰ ਦੀ ਮ੍ਰਿਤਕ ਦੇਹ ਕੋਲ ਘਰ ਦਾ ਸਾਮਾਨ ਖਿੱਲਰਿਆ ਪਿਆ ਸੀ। ਜ਼ਿਕਰ ਯੋਗ ਹੈ ਕਿ ਸਰਬਜੀਤ ਕੌਰ 2015 'ਚ ਗੁਰਪ੍ਰੀਤ ਸਿੰਘ ਨਾਲ ਵਿਆਹ ਕਰਵਾ ਕੇ ਪੰਜਾਬ ਤੋਂ ਯੂ ਕੇ ਆਈ ਸੀ, ਜਿਸ ਦੇ ਪਹਿਲੇ ਵਿਆਹ ਤੋਂ ਦੋ ਬੱਚੇ ਸਨ। ਗੁਰਪ੍ਰੀਤ ਦੀ ਪਹਿਲੀ ਪਤਨੀ ਅਮਨਦੀਪ ਕੌਰ ਦੀ ਦਸੰਬਰ 2013 'ਚ ਕਿਸੇ ਬਿਮਾਰੀ ਕਾਰਨ ਮੌਤ ਹੋ ਗਈ ਸੀ। ਅਮਨਦੀਪ ਕੌਰ ਦੀ ਮੌਤ ਦੇ ਸਪੱਸ਼ਟ ਕਾਰਨਾਂ ਦਾ ਸਬੂਤ ਨਾ ਮਿਲਣ 'ਤੇ ਪੁਲਸ ਦਾ ਮੰਨਣਾ ਹੈ ਕਿ ਉਸ ਦੀ ਮੌਤ ਪਿੱਛੇ ਵੀ ਗੁਰਪ੍ਰੀਤ ਸਿੰਘ ਦਾ ਹੱਥ ਹੈ। ਇਹ ਕੇਸ ਮਾਰਚ 2019 'ਚ ਸ਼ੁਰੂ ਹੋਣਾ ਸੀ ਜੋ ਇਸ ਕੇਸ ਦੇ ਬਾਅਦ ਅਪ੍ਰੈਲ 2019 ਵਿੱਚ ਸ਼ੁਰੂ ਹੋਵੇਗਾ। ਜੱਜ ਫਿਲਪ ਪਾਰਕਰ ਕਿਊ ਨੇ ਗੁਰਪ੍ਰੀਤ ਸਿੰਘ ਨੂੰ ਕੇਸ ਦੀ ਸੁਣਵਾਈ ਤੱਕ ਹਿਰਾਸਤ 'ਚ ਭੇਜ ਦਿੱਤਾ ਹੈ।

# ਸ਼ੇਖ ਹਸੀਨਾ ਦੀ ਪਾਰਟੀ ਵੱਲੋਂ ਬੰਗਲਾ ਦੇਸ਼ ਵਿੱਚ ਲਗਾਤਾਰ ਤੀਜੀ ਵਾਰ ਹੂੰਝਾ ਫੇਰ ਜਿੱਤ



ਢਾਕਾ, 2 ਜਨਵਰੀ (ਪੋਸਟ ਬਿਊਰੋ)- ਪ੍ਰਧਾਨ ਮੰਤਰੀ ਸ਼ੇਖ ਹਸੀਨਾ ਦੀ ਅਗਵਾਈ ਹੇਠਲੇ ਹਾਕਮ ਗੱਠਜੋੜ ਨੇ ਬੰਗਲਾ ਦੇਸ਼ ਦੀਆਂ ਆਮ ਚੋਣਾਂ ਵਿੱਚ ਹੂੰਝਾ ਫੇਰੂ ਜਿੱਤ ਜਿੱਤੀ ਹੈ। ਇਸ ਜਿੱਤ ਨਾਲ ਹਸੀਨਾ (71 ਸਾਲ) ਦਾ ਲਗਾਤਾਰ ਤੀਸਰੀ ਵਾਰ ਅਤੇ ਅੱਜ ਤੱਕ ਕੁੱਲ ਮਿਲਾ ਕੇ ਚੌਥੀ ਵਾਰ ਇਸ ਦੇਸ਼ ਦੀ ਪ੍ਰਧਾਨ ਮੰਤਰੀ ਬਣਨ ਦਾ ਰਾਹ ਸਾਫ ਹੋ ਗਿਆ ਹੈ। ਇਸ ਮੌਕੇ ਵਿਰੋਧੀ ਪਾਰਟੀਆਂ ਨੇ ਚੋਣ ਨਤੀਜਿਆਂ ਨੂੰ ਹਾਸੋਹੀਣਾ ਕਰਾਰ ਦਿੱਤਾ ਹੈ।

ਬੰਗਲਾ ਦੇਸ਼ ਦੇ ਮੁੱਖ ਚੋਣ ਕਮਿਸ਼ਨਰ ਕੇ ਐੱਮ ਨੂਰੁਲ ਹੁਦਾ ਨੇ ਚੋਣਾਂ ਵਿੱਚ ਪੱਖਪਾਤ ਅਤੇ ਗੜਬੜ ਦੇ ਦੋਸ਼ ਰੱਦ ਕਰਦੇ ਹੋਏ ਵਿਰੋਧੀ ਧਿਰ ਵੱਲੋਂ ਨਵੇਂ ਸਿਰਿਓਂ ਚੋਣਾਂ ਕਰਾਉਣ ਦੀ ਮੰਗ ਨਕਾਰ ਦਿੱਤੀ। ਪ੍ਰਧਾਨ ਮੰਤਰੀ ਤੇ ਅਵਾਮੀ ਲੀਗ ਪਾਰਟੀ ਦੀ ਮੁਖੀ ਸ਼ੇਖ ਹਸੀਨਾ ਨੇ ਕਿਹਾ ਕਿ ਵਿਰੋਧੀ ਧਿਰ ਨੂੰ ਲੱਗੇ ਇਸ ਧੱਕੇ ਦਾ ਮੁੱਖ ਕਾਰਨ ਉਨ੍ਹਾਂ ਕੋਲ ਲੀਡਰਸ਼ਿਪ ਦੀ ਘਾਟ ਹੈ। ਅਵਾਮੀ ਲੀਗ ਦੀ ਅਗਵਾਈ ਹੇਠਲੇ ਮਹਾਂਗੱਠਜੋੜ ਨੇ ਤਿੰਨ ਸੌ ਮੈਂਬਰੀ ਪਾਰਲੀਮੈਂਟ ਦੀਆਂ 288 ਸੀਟਾਂ ਜਿੱਤ ਲਈਆਂ ਹਨ। ਸਾਲ 2008 ਦੀ ਆਪਣੀ ਸਰਵੋਤਮ ਕਾਰਗੁਜ਼ਾਰੀ ਨੂੰ ਵੀ ਟੱਪ ਕੇ ਇਸ ਵਾਰੀ ਗੱਠਜੋੜ ਦੇ ਹੱਕ ਵਿੱਚ 82 ਫੀਸਦੀ ਵੋਟਾਂ ਪਈਆਂ ਹਨ। ਦਸ ਸਾਲ ਪਹਿਲਾਂ ਗੱਠਜੋੜ ਨੇ 263 ਸੀਟਾਂ ਜਿੱਤੀਆਂ ਸਨ।

ਵਿਰੋਧੀ ਪਾਰਟੀਆਂ ਦਾ ਗੱਠਜੋੜ ਨੈਸ਼ਨਲ ਯੂਨਿਟੀ ਫਰੰਟ (ਐਨ ਯੂ ਐਫ਼) ਮਸਾਂ ਸੱਤ ਸੀਟਾਂ ਜਿੱਤ ਸਕਿਆ ਅਤੇ ਤਿੰਨ ਸੀਟਾਂ ਹੋਰਨਾਂ ਧਿਰਾਂ ਨੂੰ ਮਿਲੀਆਂ ਹਨ। ਚੋਣ ਕਮਿਸ਼ਨ ਦੇ ਸੈਕਟਰੀ ਹਿਲਾਲੁਦੀਨ ਅਹਿਮਦ ਦੇ ਮੁਤਾਬਕ ਇਕ ਹਲਕੇ ਵਿੱਚ ਵੋਟਿੰਗ ਅੱਗੇ ਪਾ ਦਿੱਤੀ ਗਈ ਸੀ ਅਤੇ ਇਕ ਹਲਕੇ ਵਿੱਚ ਉਮੀਦਵਾਰ ਦੀ ਮੌਤ ਕਾਰਨ ਨਤੀਜਾ ਨਹੀਂ ਐਲਾਨਿਆ ਗਿਆ। ਇਨ੍ਹਾਂ ਚੋਣਾ ਨਾਲ ਬੰਗਲਾ ਦੇਸ਼ ਨੈਸ਼ਨਲ ਪਾਰਟੀ ਦੀ ਆਗੂ ਖ਼ਾਲਿਦਾ ਜ਼ਿਆ, ਜਿਹੜੀ ਅੰਸ਼ਕ ਤੌਰ ਉੱਤੇ ਅਧਰੰਗ ਦਾ ਸ਼ਿਕਾਰ ਹੈ, ਦੇ ਸਿਆਸੀ ਭਵਿੱਖ ਬਾਰੇ ਬੇਯਕੀਨੀ ਹੋਰ ਵਧ ਗਈ ਹੈ।

# 28 ਸਕੂਲ ਚਲਾ ਰਹੀ ਸੰਸਥਾ ਨੂੰ ਪਾਕਿਸਤਾਨ ਸੁਪਰੀਮ ਕੋਰਟ ਨੇ ਅੱਤਵਾਦੀ ਸੰਗਠਨ ਐਲਾਨਿਆ

ਇਸਲਾਮਾਬਾਦ, 2 ਜਨਵਰੀ (ਪੋਸਟ ਬਿਊਰੋ)- ਪਾਕਿਸਤਾਨ ਸੁਪਰੀਮ ਕੋਰਟ ਵੱਲੋਂ ਪਾਕਿ-ਤੁਰਕ ਇੰਟਰਨੈਸ਼ਨਲ ਕੈਗ ਐਜੂਕੇਸ਼ਨ ਫਾਊਂਡੇਸ਼ਨ (ਪੀ ਟੀ ਆਈ ਸੀ ਈ ਐੱਫ) ਨੂੰ ਅੱਤਵਾਦੀ ਸੰਗਠਨ ਐਲਾਨ ਕੀਤਾ ਗਿਆ ਹੈ। ਸੁਪਰੀਮ ਕੋਰਟ ਨੇ ਸਰਕਾਰ ਨੂੰ ਅਮਰੀਕਾ ਦੇ ਇੱਕ ਮੁਸਲਿਮ ਮੌਲਾਨਾ ਨਾਲ ਜੁੜੀ ਤੁਰਕੀ ਦੀ ਚੈਰਿਟੀ ਸੰਸਥਾ ਅਤੇ ਉਸ ਦੇ ਅਧਿਆਪਕ ਫੇਤੁੱਲਹਾ ਗੁਲੇਨ 'ਤੇ ਪਾਬੰਦੀ ਲਾਉਣ ਅਤੇ ਉਸ ਦੇ 28 ਸਕੂਲਾਂ ਨੂੰ ਤੁਰਕੀ ਸਮਰਥਕ ਸਰਕਾਰੀ ਸੰਗਠਨ ਨੂੰ ਸੌਂਪਣ ਦੇ ਹੁਕਮ ਦਿੱਤੇ ਹਨ। ਕੋਰਟ ਦੀ ਤਿੰਨ ਮੈਂਬਰੀ ਬੈਂਚ ਨੇ 15 ਪੰਨਿਆਂ ਦਾ ਅਤੇ ਜਸਟਿਸ ਜੱਜ ਇਜਾਜੁਲ ਅਹਿਸਾਨ ਵੱਲੋਂ ਲਿਖਿਆ ਫੈਸਲਾ ਸੁਣਾਇਆ। ਬੈਂਚ ਨੇ 13 ਦਸੰਬਰ ਨੂੰ ਮਾਮਲੇ ਉੱਤੇ ਸੁਣਵਾਈ ਕੀਤੀ ਸੀ।

ਜੀਓ ਨਿਊਜ਼ ਦੀ ਖਬਰ ਅਨੁਸਾਰ ਸੁਪਰੀਮ ਕੋਰਟ ਨੇ ਗ੍ਰਹਿ ਮੰਤਰਾਲੇ ਨੂੰ ਪੀ ਟੀ ਆਈ ਸੀ ਈ ਐੱਫ ਦਾ ਨਾਂਅ ਪਾਬੰਦੀਸ਼ੁਦਾ ਅੱਤਵਾਦੀ ਸੰਸਥਾਵਾਂ ਦੀ ਸੂਚੀ ਵਿੱਚ ਸ਼ਾਮਲ ਕਰਨ ਨੂੰ ਕਿਹਾ ਹੈ। ਸੁਪਰੀਮ ਕੋਰਟ ਨੇ ਪੀ ਟੀ ਆਈ ਸੀ ਈ ਐੱਫ ਦੇ ਬੈਂਕ ਖਾਤੇ ਫ੍ਰੀਜ਼ ਕਰਨ ਅਤੇ ਇਨ੍ਹਾਂ ਦੀ ਜ਼ਿੰਮੇਵਾਰੀ ਤੁਰਕੀਯੇ ਮਾਰਿਫ ਫਾਊਂਡੇਸ਼ਨ ਨੂੰ ਦੇਣ ਦਾ ਹੁਕਮ ਵੀ ਦਿੱਤਾ।

# ਕਰਤਾਰਪੁਰ ਲਾਂਘੇ ਵਿਚੋਂ ਪਾਕਿਸਤਾਨ ਵੱਲੋਂ ਵੀਜ਼ਾ ਮੁਕਤ ਯਾਤਰਾ ਲਈ ਫਾਰਮੂਲਾ ਪੇਸ਼ !

ਇਸਲਾਮਾਬਾਦ, 2 ਜਨਵਰੀ (ਪੋਸਟ ਬਿਊਰੋ)- ਪਾਕਿਸਤਾਨ ਦੀ ਸਰਕਾਰ ਨੇ ਕਰਤਾਰਪੁਰ ਲਾਂਘੇ ਰਾਹੀਂ ਭਾਰਤੀ ਸਿੱਖ ਸ਼ਰਧਾਲੂਆਂ ਨੂੰ ਵੀਜ਼ਾ-ਮੁਕਤ ਯਾਤਰਾ ਦੀ ਸਹੂਲਤ ਦੇਣ ਵਾਸਤੇ ਭਾਰਤ ਸਰਕਾਰ ਨੂੰ ਕੁਝ ਸਿਫ਼ਾਰਸ਼ਾਂ ਭੇਜੀਆਂ ਹਨ। ਇਹ ਦਾਅਵਾ ਇਕ ਮੀਡੀਆ ਰਿਪੋਰਟ ਵਿੱਚ ਕੀਤਾ ਗਿਆ ਹੈ।

ਐਕਸਪ੍ਰੈਸ ਨਿਊਜ਼ ਟੀ ਵੀ ਨੇ ਪਾਕਿ-ਸਤਾਨ ਦੇ ਕੂਟਨੀਤਕ ਅਧਿਕਾਰੀਆਂ ਦੇ ਹਵਾਲੇ ਨਾਲ ਰਿਪੋਰਟ ਵਿੱਚ ਦੱਸਿਆ ਹੈ ਕਿ ਓਥੋਂ ਦੀ ਸਰਕਾਰ ਨੇ ਭਾਰਤ ਨੂੰ 59 ਸਫੇ ਦਾ ਦਸਤਾਵੇਜ਼ ਭੇਜ ਕੇ ਇਸ ਵਿੱਚ ਕਰਤਾਰਪੁਰ ਲਾਂਘੇ ਤੋਂ ਦਾਖ਼ਲੇ ਬਾਰੇ 14 ਖਾਸ ਸਿਫਾਰਸ਼ਾਂ ਭੇਜੀਆਂ ਹਨ, ਜਿਨ੍ਹਾਂ ਵਿੱਚ ਭਾਰਤੀ ਸ਼ਰਧਾਲੂਆਂ ਨੂੰ ਮੁਫ਼ਤ ਦਾਖ਼ਲਾ ਦੇਣ ਲਈ ਸਰਹੱਦ ਦੇ ਦੋਵੇਂ ਪਾਸੇ ਫੈਸਿਲੀਟੇਸ਼ਨ ਕੇਂਦਰ ਤੇ ਸੁਰੱਖਿਆ ਚੌਕੀਆਂ ਬਣਾਈਆਂ ਜਾਣਗੀਆਂ। ਸਿਫ਼ਾਰਸ਼ਾਂ ਦੇ ਮੁਤਾਬਕ ਸ਼ਰਧਾਲੂਆਂ ਨੂੰ ਘੱਟੋ-ਘੱਟ ਪੰਦਰਾਂ ਲੋਕਾਂ ਦੇ ਗਰੁੱਪ ਵਿੱਚ ਓਥੇ ਜਾਣ ਦੀ ਖੁੱਲ੍ਹ ਮਿਲੇਗੀ ਤੇ ਪਾਕਿ-ਸਤਾਨ ਸਰਕਾਰ ਇਨ੍ਹਾਂ ਗਰੁੱਪਾਂ ਨੂੰ ਵਿਸ਼ੇਸ਼ ਪਰਮਿਟ ਦੇਵੇਗੀ। ਦੋਵੇਂ ਦੇਸ਼ ਆਉਣ ਜਾਣ ਵਾਲੇ ਲੋਕਾਂ ਦਾ ਵੇਰਵਾ ਰੱਖਣਗੇ, ਜਿਸ ਵਿੱਚ ਉਨ੍ਹਾਂ ਦੇ ਨਾਮ, ਯਾਤਰਾ ਤੇ ਹੋਰ ਰਿਕਾਰਡ ਹੋਣਗੇ। ਸਿਫ਼ਾਰਸ਼ਾਂ ਮੁਤਾਬਕ ਭਾਰਤ ਸਰਕਾਰ ਸ਼ਰਧਾਲੂਆਂ ਦੀ ਸੂਚੀ ਤਿੰਨ ਦਿਨ ਅਗੇਤੇ ਦੇਵੇਗੀ ਅਤੇ ਸ਼ਰਧਾਲੂਆਂ ਜਾਂ ਟੂਰਿਸਟਾਂ ਕੋਲ ਸਟੈਂਡਰਡ ਪਾਸਪੋਰਟ ਹੋਣਾ ਜ਼ਰੂਰੀ ਹੋਵੇਗਾ ਤੇ ਸ਼ਰਧਾਲੂਆਂ ਨੂੰ ਭਾਰਤ ਸਰਕਾਰ ਤੋਂ ਸੁਰੱਖਿਆ ਕਲੀਅਰੈਂਸ ਸਰਟੀਫਿਕੇਟ ਲੈਣਾ ਹੋਵੇਗਾ। ਪਾਕਿ-ਸਤਾਨ ਵੱਲੋਂ ਰੋਜ਼ ਪੰਜ ਸੌ ਸ਼ਰਧਾਲੂਆਂ ਨੂੰ ਹੀ ਪਰਮਿਟ ਮਿਲ ਸਕਣਗੇ।

A/Z Drivers Needed/ਡਰਾਈਵਰਾਂ ਦੀ ਲੋੜ
- Team Drivers Needed Immediately
- Dedicated AutoPart Runs To Texas, Missouri, Kansas
- Permanent Schedule for whole year
- Always Go to same Shippers No Waiting at All
- Highest Pay Rate Package Plus HST
- New Model Volvo Trucks
- Paid Every Week On Friday
- 20,000 to 24,00 Miles in a Month
- Always Home At Weekends
- Can Work From Brampton, Woodstock or London

- Autoparts ਦੇ ਡੇਡੀਕੇਟਡ ਰਨ ਵਾਸਤੇ ਟੀਮ ਡਰਾਈਵਰਾਂ ਦੀ ਲੋੜ ਹੈ
- Texas, Missouri ਅਤੇ Kansas ਡੈਡੀਕੇਟਡ ਰਨ ਲਈ ਲੋੜ ਹੈ
- 2018 ਦੇ ਵੋਲਵੋ ਬਰੈਂਡ ਨੀਊ ਟਰੱਕ, ਵੀਕਐਂਡ ਹਮੇਸ਼ਾ ਘਰ
- ਹਰ ਮਹੀਨੇ 20,000 ਤੋਂ 24,000 miles ਅਤੇ Pay Every Week

“ਨਵੇਂ ਡਰਾਈਵਰ ਵੀ ਅਪਲਾਈ ਕਰ ਸਕਦੇ ਹਨ”
New Drivers Are Also Welcome, We Give Paid Training With Full Time Job
For Further Information Contact: 6476253344

Honesty, Reliability, Commitment
HOMELIFE SILVERCITY
"Open House Until Sold"
○ 1yr Home Warranty ○ Get 40% Discount on Brand Name
○ Furniture & Home Appliances ○ Free Evaluation & Lowest Commission
Hira Randhawa
Broker
www.hirarandhawa.com | hirarandhawa@yahoo.ca
For all your Needs Call: 416.319.0551 or 905.913.8585
SAVE SAVE SAVE ....$$$$$$
Super Visa Insurance
On affordable rates, pay in installments, full refund on early cancellation.
RESP
Act immediately to get 15% Extra govt. grant of Year 2018
Visitor/Travel/Life/ Disability/Funeral Insurance

MICHELIN Hankook Continental ROADLUX BFGoodrich AEOLUS
BEST TRUCK REPAIR & TIRE CENTRE
We also Specialize in Engine, Transmission, Differential Rebuild, Safety Inspection & All Kinds of Electric Work
ਟਰੱਕਾਂ ਦੇ ਟਾਇਰਾਂ ਤੇ ਇੰਜਣ /ਬੰਕ ਹੀਟਰ ਤੇ ਭਾਰੀ ਸੇਲ
7 ਦਿਨ ਖੁੱਲਾ
SPECIAL ON TRUCK ALIGNMENT BRAND NEW MACHINES 2018
Chevron Delo
Brake & Drum -Made in U.S - On Special Sale!
Special Sale 4 CAT Batteries $550 with Installation
